## ਗ਼ਦਰ ਲਹਿਰ ਦਾ ਚੌਮੁਖੀਆ ਚਿਰਾਗ਼

# ਕਰਤਾਰ ਸਿੰਘ ਸਰਾਭਾ



ਵਰਿਆਮ ਸਿੰਘ ਸੰਧੂ

# ਗ਼ਦਰ ਲਹਿਰ ਦਾ ਚੌਮੁਖੀਆ ਚਿਰਾਗ਼
# ਕਰਤਾਰ ਸਿੰਘ ਸਰਾਭਾ

ਵਰਿਆਮ ਸਿੰਘ ਸੰਧੂ

5 ਆਬ
ਪ੍ਰਕਾਸ਼ਨ, ਜਲੰਧਰ

# Gadar Lehar Da Chomukhiya Chiraag
# Kartar Singh Sarabha

*by*

***Waryam Singh Sandhu***
***Ph : 98726-02296***

© ਲੇਖਕ

ਦੂਜੀ ਵਾਰ: 2014

ਮੁੱਲ: 20 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com
www. 5aabparkashan.com

**ਟਾਈਪ ਸੈਟਿੰਗ: ਵੈਕ ਕੰਪਿਊਟਰਜ਼**
ਜਲੰਧਰ ਫ਼ੋਨ : 98140-87063

***ਛਾਪਕ : ਪੰਜ ਆਬ ਪ੍ਰਿੰਟਰਜ਼, ਜਲੰਧਰ***

# ਗ਼ਦਰ ਲਹਿਰ ਦਾ ਚੌਮੁਖੀਆ ਚਿਰਾਗ਼
# ਕਰਤਾਰ ਸਿੰਘ ਸਰਾਭਾ

ਆਪਣੇ ਪੁਰਾਣੇ ਗੌਰਵਮਈ ਇਤਿਹਾਸ ਨੂੰ ਓਹਲੇ ਵਿਚੋਂ ਕੱਢ ਕੇ ਸਾਹਮਣੇ ਲਿਆਉਣ ਦੇ ਯਤਨ ਨਾਲ ਅਸੀਂ ਆਪਣੇ ਸੁੱਤੇ ਹੋਏ ਇਤਿਹਾਸ ਨੂੰ ਜਗਾਉਂਦੇ ਹਾਂ। ਉਸਨੂੰ ਮੁਰਦਾ ਹੋ ਜਾਣ ਤੋਂ ਬਚਾਉਂਦੇ ਹਾਂ। ਇਤਿਹਾਸ ਅਤੇ ਲੋਕਾਂ ਦਾ ਆਪਸੀ ਸੰਬੰਧ ਅਸਲ ਵਿਚ ਦੁਵੱਲਾ ਹੁੰਦਾ ਹੈ। ਲੋਕ ਇਤਿਹਾਸ ਨੂੰ ਮੁੜ ਤੋਂ ਪੜ੍ਹ-ਸੁਣ-ਜਾਣ ਕੇ, ਯਾਦ ਕਰਕੇ ਆਪਣੇ ਇਤਿਹਾਸ ਨੂੰ ਜਗਾਉਂਦੇ ਤੇ ਜ਼ਿੰਦਾ ਰੱਖਦੇ ਹਨ ਤੇ ਪਰਤਵੇਂ ਰੂਪ ਵਿਚ ਇਤਿਹਾਸ ਆਪਣੇ ਲੋਕਾਂ ਨੂੰ ਜਗਾਉਂਦਾ ਤੇ ਜ਼ਿੰਦਾ ਰੱਖਦਾ ਹੈ ਅਤੇ ਉਸਤੋਂ ਪਰੇਰਨਾ ਲੈ ਕੇ ਲੋਕ ਜ਼ਿੰਦਗੀ ਦੇ ਕਾਰਜ-ਖੇਤਰ ਵਿਚ ਕੁਝ ਸੁਕਾਰਥਾ ਕਰਨ ਦੀ ਕੋਸ਼ਿਸ ਕਰਦੇ ਰਹਿੰਦੇ ਹਨ। ਜਿਹੜੀਆਂ ਕੌਮਾਂ ਦਾ ਇਤਿਹਾਸ ਸੁੱਤਾ ਰਹਿ ਜਾਂਦਾ ਹੈ ਉਹਨਾਂ ਦੀ ਕਿਸਮਤ ਵੀ ਸੁੱਤੀ ਰਹਿ ਜਾਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗ਼ਦਰ ਪਾਰਟੀ ਦਾ ਸੰਘਰਸ਼ ਸਮੁੱਚੇ ਦੇਸ਼ ਵਾਸੀਆਂ ਦੀ ਕਿਸਮਤ ਦਾ ਸੁਨਹਿਰੀ ਕਾਂਡ ਲਿਖੇ ਜਾਣ ਦਾ ਸੁਲੱਖਣਾ ਉੱਦਮ ਸੀ। ਆਪਣੇ ਲੋਕਾਂ ਦੇ ਸੁਨਹਿਰੀ ਭਵਿੱਖ ਦੀ ਆਸ ਆਪਣੀਆਂ ਅੱਖਾਂ 'ਚ ਲੈ ਕੇ, ਬਾਹਰਲੇ ਮੁਲਕਾਂ ਵਿਚ ਬਣਾਈਆਂ ਵੱਡੀਆਂ ਜਾਇਦਾਦਾਂ ਦਾ ਮੋਹ ਤਿਆਗ ਕੇ, 'ਪਹਿਲਾਂ ਮਰਨ ਕਬੂਲ ਕਰ' ਦੀ ਭਾਵਨਾ ਅਧੀਨ ਆਪਣੇ ਵਤਨ ਨੂੰ ਮੁਕੰਮਲ ਆਜ਼ਾਦੀ ਦਿਵਾਉਣ ਦੇ ਸੰਕਲਪ ਨਾਲ ਗ਼ਦਰੀ ਸੂਰਬੀਰ ਵਤਨ ਪਰਤੇ ਸਨ। ਉਹਨਾਂ ਦਾ ਨਿਸ਼ਾਨਾ, ਲੜੇ ਜਾਣ ਵਾਲੇ ਸੰਘਰਸ਼ ਵਿਚ ਅਥਾਹ ਦੁੱਖ ਝੱਲ ਕੇ ਤੇ ਲੋੜ ਪੈਣ 'ਤੇ ਆਪ ਮਰਕੇ ਵੀ, ਸਾਨੂੰ ਜ਼ਿੰਦਗੀ ਦੇਣ ਦਾ ਸੀ। ਇਹਨਾਂ ਵਿਚੋਂ ਕਈ ਸਿਰਲੱਥ ਯੋਧੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮ ਗਏ; ਅਨੇਕਾ ਹੋਰਨਾਂ ਨੇ ਕਾਲੇ ਪਾਣੀਆਂ ਦੀ ਮਾਰੂ ਕੈਦ ਵਿਚ ਆਪਣੀਆਂ ਉਮਰਾਂ ਗਾਲ਼ ਲਈਆਂ।

ਪਰ ਹਾਕਮ ਧਿਰ ਦੀਆਂ ਚੁਸਤੀਆਂ ਤੇ ਸਾਡੀ ਲਾਪ੍ਰਵਾਹੀ ਅਤੇ ਬੇਸਮਝੀ ਸਦਕਾ ਸਾਡਾ ਇਹ ਆਪਣਾ ਰਾਂਗਲਾ ਇਤਿਹਾਸ ਸੁੱਤਾ ਹੀ ਰਿਹਾ। ਅਸੀਂ ਇਸ ਨੂੰ ਜਗਾ ਕੇ ਇਸ ਨਾਲ ਆਪਣੇ ਦਿਲ ਦਾ ਦੁਖੜਾ ਫੋਲਣ ਦਾ ਯਤਨ ਹੀ ਨਾ ਕੀਤਾ। ਸਾਡੀ 'ਲਾਪ੍ਰਵਾਹੀ' ਨੇ ਸਾਡੇ ਇਤਿਹਾਸ ਨੂੰ ਸਾਡੇ ਪ੍ਰਤੀ 'ਬੇਪ੍ਰਵਾਹ' ਬਣਾ ਦਿੱਤਾ। ਸਿੱਟੇ ਵਜੋਂ ਸ਼ਹੀਦਾਂ ਦੇ ਸੁਪਨੇ ਸਿਰੇ ਲੱਗਣ ਤੋਂ ਪਹਿਲਾਂ ਹੀ ਪ੍ਰਾਣ ਤਿਆਗਣ ਲੱਗੇ। ਇਹਨਾਂ ਸੁਪਨਿਆਂ ਦੇ ਕਤਲ ਵਿਚ ਸਥਾਪਤ ਤਾਕਤਾਂ ਦਾ ਬੜਾ ਸੂਖ਼ਮ ਹੱਥ ਤੇ ਹਿੱਸਾ ਸੀ।

ਏਥੇ ਇਹ ਗੱਲ ਵੀ ਧਿਆਨ ਰੱਖਣ ਵਾਲੀ ਹੈ ਕਿ ਵੱਖਰੀਆਂ ਵੱਖਰੀਆਂ ਧਿਰਾਂ ਦਾ ਇਤਿਹਾਸ ਵੀ ਆਪੋ ਆਪਣਾ ਹੁੰਦਾ ਹੈ। ਜਿਹੜੀ ਧਿਰ ਜ਼ੋਰ ਵਾਲੀ ਹੁੰਦੀ ਹੈ; ਜਿਹੜੀ ਧਿਰ ਕੋਲ ਰਾਜ-ਸੱਤਾ ਹੁੰਦੀ ਹੈ; ਉਸ ਕੋਲ ਆਪਣੀ ਗੱਲ ਕਹਿਣ ਅਤੇ ਪਰਚਾਰਨ ਦੇ ਵਿਆਪਕ ਸਾਧਨ ਅਤੇ ਵਸੀਲੇ ਵੀ ਹੁੰਦੇ ਹਨ। ਉਹ ਧਿਰ 'ਆਪਣੇ ਇਤਿਹਾਸ' ਨੂੰ ਅਗਰਭੂਮੀ ਵਿਚ ਲਿਆ ਖੜਾ ਕਰਦੀ ਹੈ ਅਤੇ ਦੂਜੀ ਧਿਰ ਦੇ ਇਤਿਹਾਸ ਨੂੰ ਓਹਲੇ ਵਿਚ ਰੱਖਦੀ, ਉਸ ਵਿਚ ਰਲ਼ਾ ਪਾਉਂਦੀ ਅਤੇ ਹੌਲੀ ਹੌਲੀ ਲੋਕ-ਚੇਤਿਆਂ ਵਿਚੋਂ ਉਸ ਇਤਿਹਾਸ ਨੂੰ ਅਲੋਪ ਕਰਨ ਦੇ ਸੂਖ਼ਮ ਢੰਗ ਤਰੀਕੇ ਵਰਤਦੀ ਰਹਿੰਦੀ ਹੈ। ਕਹਾਵਤ ਤਾਂ ਇਹ ਹੈ ਕਿ 'ਸੌ ਵਾਰ ਬੋਲਿਆ ਝੂਠ ਸੱਚ ਹੋ ਜਾਂਦਾ ਹੈ' ਪਰ ਜਦੋਂ ਝੂਠ ਸੌ ਵਾਰ ਦੀ ਥਾਂ ਲੱਖਾਂ-ਕਰੋੜਾਂ ਵਾਰ ਬੋਲਿਆ ਗਿਆ ਹੋਵੇ ਤੇ ਹੁਣ ਤੱਕ ਵੀ ਬੋਲਿਆ ਜਾ ਰਿਹਾ ਹੋਵੇ ਤਾਂ ਉਸਦੇ ਸੱਚ ਮੰਨੇ ਜਾਣ ਵਿਚ ਕਸਰ ਰਹਿ ਹੀ ਨਹੀਂ ਜਾਂਦੀ। ਸਾਡੇ ਇਨਕਲਾਬੀ ਇਤਿਹਾਸ ਨਾਲ ਸਾਡੇ ਮੁਲਕ ਵਿਚ ਵੀ ਅਜਿਹਾ ਹੀ ਵਾਪਰਿਆ।

'ਖ਼ੂਨ ਦੀ ਇਕ ਵੀ ਬੂੰਦ ਵਹਾਏ ਬਿਨਾ' ਆਜ਼ਾਦੀ ਪ੍ਰਾਪਤ ਕਰਨ ਦਾ ਪਰਚਾਰ ਕਰਨ ਵਾਲੀ ਤਾਕਤਵਰ ਧਿਰ ਨੇ ਲੋਕਾਂ ਦੇ ਇਨਕਲਾਬੀ ਘੋਲ ਨੂੰ ਲੋਕ-ਚੇਤਨਾ ਤੋਂ ਅਸਲੋਂ ਉਹਲੇ ਵਿਚ ਰੱਖੀ ਰੱਖਿਆ। ਜੇ ਕਦੀ ਗੱਲ ਕੀਤੀ ਵੀ ਤਾਂ ਉਹਨਾਂ ਜਾਂ-ਬਾਜ਼ ਸੂਰਮਿਆਂ ਦੇ ਲਾਸਾਨੀ ਕਾਰਨਾਮਿਆਂ ਨੂੰ ਦਹਿਸ਼ਤਗਰਦ ਕੰਮ ਆਖ ਕੇ ਛੁਟਿਆਉਣ ਦੀ ਹੀ ਕੋਸ਼ਿਸ਼ ਕੀਤੀ। ਕਿਸੇ ਪਾਠ-ਪੁਸਤਕ ਵਿਚ ਅਜਿਹੀਆਂ ਇਨਕਲਾਬੀ ਲਹਿਰਾਂ ਦਾ ਜ਼ਿਕਰ ਕਰਨਾ ਵਰਜਿਤ ਹੋ ਗਿਆ। ਰਾਜ-ਸੱਤਾ ਉੱਤੇ ਕਾਬਜ਼ ਧਿਰ ਨੇ ਆਪਣੇ ਪਰਚਾਰ ਰਾਹੀਂ ਇਨਕਲਾਬੀ ਧਿਰ ਨੂੰ ਡਾਕੂ, ਕਾਤਲ, ਲੁਟੇਰੇ, 'ਹੋਸ਼ ਤੋਂ ਬਿਨਾ ਜੋਸ਼' ਵਾਲੇ 'ਭੁੱਲੜ ਦੇਸ਼-ਭਗਤ' ਬਣਾ ਦਿੱਤਾ ਅਤੇ ਇਨਕਲਾਬੀ ਇਤਿਹਾਸ ਨੂੰ ਹਾਸ਼ੀਏ ਵਿਚ ਧੱਕ ਕੇ, ਓਹਲੇ ਵਿਚ ਥਾਪੜ ਕੇ ਸੁਆ ਦਿੱਤਾ। ਇਸ ਧਿਰ ਨੇ ਪਰਚਾਰ ਸਾਧਨਾਂ ਰਾਹੀਂ ਦਿਨ ਰਾਤ ਇੱਕ ਕਰਕੇ 'ਲੇ ਦੀ ਆਜ਼ਾਦੀ ਹਮੇ ਬਿਨ ਖੜਗ ਬਿਨ ਢਾਲ, ਸਾਬਰਮਤੀ ਕੇ ਸੰਤ ਤੂ ਨੇ ਕਰ ਦੀਆਂ ਕਮਾਲ' ਵਾਲੇ ਆਪਣੇ ਇਤਿਹਾਸ ਨੂੰ ਆਉਣ ਵਾਲੀਆਂ ਨਸਲਾਂ ਦੇ ਚੇਤੇ ਦਾ ਅੰਗ ਬਣਾ ਧਰਿਆ ਸੀ। ਸਾਨੂੰ ਆਪਣੇ ਸ਼ਹੀਦਾਂ ਦਾ ਇਤਿਹਾਸ ਨਾ ਪੜ੍ਹਾਇਆ ਗਿਆ ਅਤੇ ਨਾ ਹੀ ਉਸ ਇਤਿਹਾਸ ਨੂੰ ਪਰਚਾਰਿਆ ਗਿਆ।

ਉਹ ਅਜਿਹਾ ਕਰਦੇ ਵੀ ਕਿਉਂ? ਉਹ ਤਾਂ ਹੁਣ ਤੱਕ ਨਾਮਧਾਰੀਆਂ ਵੱਲੋਂ ਪੰਜਾਬ ਵਿਚ ਸਭ ਤੋਂ ਪਹਿਲਾਂ ਸ਼ੁਰੂ ਕੀਤੀ, ਅੰਗਰੇਜ਼ੀ ਸਰਕਾਰ ਨਾਲ ਨਾਮਿਲਵਰਤਣ ਦੀ ਲਹਿਰ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਮੰਨਣ ਲਈ ਤਿਆਰ ਨਹੀਂ ਸਨ। ਉਹਨਾਂ ਤਾਂ ਭਗਤ ਸਿੰਘ ਜਿਹੀ ਲਿਸ਼ਕਦੀ ਸ਼ਖ਼ਸੀਅਤ ਨੂੰ ਵੀ ਹੁਣ ਤੱਕ 'ਦਹਿਸ਼ਤਗਰਦ' ਜਾਂ 'ਦੇਸ਼ ਭਗਤ', 'ਪੱਗ ਵਾਲੇ' ਜਾਂ 'ਟੋਪੀ ਵਾਲੇ' ਦੀ ਬਹਿਸ ਦੇ ਧੁੰਦੂਕਾਰੇ ਵਿਚ ਫਸਾ ਰੱਖਿਆ ਹੈ। ਅੱਵਲ ਤਾਂ ਇਨਕਲਾਬੀ ਸ਼ਹੀਦ-ਸੂਰਮਿਆਂ ਨਾਲ ਸੰਬੰਧਤ ਯਾਦਗਾਰਾਂ ਉਸਾਰਨ ਜਾਂ ਸਾਂਭਣ ਵੱਲ ਧਿਆਨ ਹੀ ਨਹੀਂ ਦਿੱਤਾ ਤੇ ਜੇ ਕਿਧਰੇ ਕੁਝ ਸ਼ਹੀਦਾਂ ਦੀ ਲੋਕਪ੍ਰਿਅਤਾ ਨੂੰ ਆਪਣੇ ਹੱਕ ਵਿਚ ਭੁਨਾਉਣ ਲਈ ਕੋਈ ਯਾਦਗਾਰਾਂ ਬਣਾਈਆਂ ਜਾਂ ਸਾਂਭੀਆਂ ਹਨ ਤਾਂ ਉਹਨਾਂ ਦਾ ਮਹੱਤਵ ਵੀ ਸਿਰਫ਼ ਚਿੰਨ੍ਹ ਰੂਪ ਵਿਚ ਹੀ ਰਹਿ ਗਿਆ ਹੈ ਅਤੇ ਉਹ ਯਾਦਗਾਰਾਂ ਇਹਨਾਂ ਧਿਰਾਂ ਦੀ ਆਪਸੀ ਸਿਆਸੀ-ਚਿੱਕੜ ਉਛਾਲੀ ਦਾ ਮੰਚ ਬਣ ਕੇ ਰਹਿ ਗਈਆਂ ਹਨ। ਇਹਨਾਂ ਰਾਜਨੀਤਕ ਮੰਚਾਂ 'ਤੇ

ਕੁੱਕੜ-ਖੇਹ ਉੱਡਦੀ ਵੇਖ ਕੇ ਸ਼ਹੀਦਾਂ ਦੀ ਆਤਮਾ ਅੱਡੀਆਂ ਚੁੱਕ ਕੇ ਭੀੜ ਵਿਚ ਦੂਰ ਕਿਧਰੇ ਪਿੱਛੇ ਖਲੋਤੇ ਆਪਣੇ ਵਾਰਸਾਂ ਨੂੰ ਲੱਭਦੀ ਵਿਲਕਦੀ ਫਿਰਦੀ ਹੈ। ਇਨਕਲਾਬੀ ਇਤਿਹਾਸ ਬਾਰੇ ਸੰਵੇਦਨਹੀਣ ਇਹਨਾਂ ਤਾਕਤਾਂ ਵੱਲੋਂ ਹੀ ਪਿਛਲੇ ਸਮੇਂ ਵਿਚ ਜੱਲ੍ਹਿਆਂ ਵਾਲੇ ਬਾਗ਼ ਦੀ ਇਤਿਹਾਸਕ ਮਹੱਤਤਾ ਵਾਲੇ ਸਰੂਪ ਨੂੰ ਤਬਾਹ ਕਰਕੇ ਤੇ ਉਸਦੀ ਇਤਿਹਾਸਕ ਖ਼ੁਸਬੂ ਨੂੰ ਖ਼ਤਮ ਕਰਕੇ ਸਾਧਾਰਨ ਸੈਰਗਾਹ ਵਿਚ ਤਬਦੀਲ ਕਰਨ ਦੀ ਕਾਰਵਾਈ ਕੀਤੀ ਗਈ, ਜਿਸਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿਚ ਲੜੇ ਸੰਘਰਸ਼ ਕਾਰਨ ਠੱਲ੍ਹ ਪਈ। ਸ਼ਹੀਦ ਮਦਨ ਲਾਲ ਢੀਂਗਰਾ ਦੇ ਜੱਦੀ ਮਕਾਨ ਨੂੰ, ਸ਼ਹੀਦੀ-ਵਿਰਾਸਤ ਵਜੋਂ ਸਾਂਭਣ ਦੀ ਥਾਂ, ਢਹਿ-ਢੇਰੀ ਕਰ ਦੇਣਾ ਵੀ ਉਹਨਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਘੱਟੇ ਕੌਡੀ ਰੋਲਣ ਦਾ ਕਾਰਾ ਹੀ ਆਖਿਆ ਜਾ ਸਕਦਾ ਹੈ। ਅਜਿਹੀਆਂ ਦਰਜਨਾਂ ਮਿਸਾਲਾਂ ਹਨ, ਕਿਸ ਕਿਸ ਦਾ ਜ਼ਿਕਰ ਕਰੀਏ?

ਇਹ ਭਾਣਾ ਸਿਰਫ਼ ਪੰਜਾਬ ਦੇ ਇਤਿਹਾਸ ਨਾਲ ਹੀ ਨਹੀਂ ਵਾਪਰਿਆ, ਦੇਸ਼ ਦੇ ਦੂਜੇ ਭਾਗਾਂ ਵਿਚ ਵੀ ਇਨਕਲਾਬੀ ਇਤਿਹਾਸ ਦਾ ਅਜਿਹਾ ਹੀ ਹਸ਼ਰ ਹੋਇਆ ਹੈ। ਇਸਦੀ ਇਕ ਮਿਸਾਲ ਦੇਣੀ ਹੀ ਕਾਫ਼ੀ ਹੋਵੇਗੀ। ਭਾਰਤ ਵਿਚ ਉੱਠੀਆਂ ਇਨਕਲਾਬੀ ਲਹਿਰਾਂ ਵਿਚ ਬੰਗਾਲ ਦੇ ਬੇਮਿਸਾਲ ਯੋਗਦਾਨ ਬਾਰੇ ਅਸੀਂ ਸਾਰੇ ਜਾਣਦੇ ਹਾਂ ਪਰ ਪੰਜਾਬੀ ਪਾਠਕਾਂ ਲਈ ਇਹ ਤੱਥ ਹੈਰਾਨ ਤੇ ਪਰੇਸ਼ਾਨ ਕਰਨ ਵਾਲਾ ਹੋਵੇਗਾ ਕਿ ਬੰਗਾਲ ਦੇ ਇਨਕਲਾਬੀ ਇਤਿਹਾਸ ਤੇ ਇਨਕਲਾਬੀਆਂ ਦੀ ਯਾਦਗਾਰਾਂ ਸਾਂਭਣ-ਸੰਭਾਲਣ ਦਾ ਕੰਮ ਪੰਜਾਬ ਨਾਲੋਂ ਵੀ ਗਿਆ ਗੁਜ਼ਰਿਆ ਹੈ। ਇਨਕਲਾਬੀ ਲਹਿਰਾਂ ਦੇ ਇਤਿਹਾਸ ਦੇ ਖੋਜੀ ਇਕ ਬੰਗਾਲੀ ਸੱਜਣ ਕੌਸ਼ਿਕ ਬੈਨਰ ਜੀ, ਜੋ ਪਿਛਲੇ ਦਿਨੀ ਇਤਿਹਾਸ ਦੀ ਖੋਜ ਦੇ ਸਿਲਸਿਲੇ ਵਿਚ ਦੇਸ਼ ਭਗਤ ਯਾਦਗਾਰ ਕੇਂਦਰ ਜਲੰਧਰ ਵਿਚ ਆਏ ਹੋਏ ਸਨ, ਨਾਲ ਵਾਰਤਾਲਾਪ ਕਰਨ ਤੋਂ ਇਸ ਹਕੀਕਤ ਦਾ ਪਤਾ ਚੱਲਿਆ ਕਿ ਰਾਸ ਬਿਹਾਰੀ ਬੋਸ ਤੇ ਸਾਚਿੰਦਰ ਨਾਥ ਸਾਨਿਆਲ ਵਰਗੇ ਪ੍ਰਸਿੱਧ ਬੰਗਾਲੀ ਇਨਕਲਾਬੀਆਂ ਬਾਰੇ ਬੰਗਾਲੀ ਵਿਚ ਲਿਖੀ ਕੋਈ ਜੀਵਨੀ ਪ੍ਰਾਪਤ ਨਹੀਂ ਹੁੰਦੀ। ਉਹਨਾਂ ਦਾ ਬੰਗਾਲੀ ਵਿਚ ਜੇ ਕਿਧਰੇ ਜ਼ਿਕਰ-ਜ਼ਕਾਰ ਹੈ ਵੀ ਤਾਂ ਵੱਖ ਵੱਖ ਲਿਖਤਾਂ ਵਿਚ ਕਿਤੇ ਕਿਤੇ ਤੇ ਬਹੁਤ ਹੀ ਅਲਪ ਮਾਤਰਾ ਵਿਚ ਹੈ। ਹੈਰਾਨੀ ਤਾਂ ਇਸ ਗੱਲ ਦੀ ਵੀ ਹੋਈ ਕਿ ਸਾਨਿਆਲ ਦੀ ਬਹੁ-ਚਰਚਿਤ ਇਤਿਹਾਸਕ ਪੁਸਤਕ 'ਬੰਦੀ ਜੀਵਨ' ਵੀ ਅੱਜਕੱਲ੍ਹ ਬੰਗਾਲੀ ਭਾਸ਼ਾ ਵਿਚ ਉਪਲਬਧ ਨਹੀਂ। ਇਸ ਇਤਹਾਸ ਦੀ ਖੋਜ ਕਰਨ ਵਾਲਿਆਂ ਨੂੰ ਇਹਨਾਂ ਦੋਵਾਂ ਇਨਕਲਾਬੀਆਂ ਤੇ ਹੋਰ ਬੰਗਾਲੀ ਇਨਕਲਾਬੀ ਕਾਰਕੁਨਾਂ ਬਾਰੇ ਜਾਣਕਾਰੀ ਵੀ ਬਹੁਤਾ ਕਰਕੇ ਉਸ ਦੌਰ ਬਾਰੇ ਪੰਜਾਬ ਵਿਚ ਲਿਖੀਆਂ ਗਈਆਂ ਇਤਿਹਾਸਕ ਪੁਸਤਕਾਂ ਤੋਂ ਹੀ ਮਿਲਦੀ ਹੈ। ਇਹ ਵੀ ਇਤਿਹਾਸ ਦੀ ਵਿਡੰਬਨਾ ਹੈ ਕਿ ਕਦੀ ਬੰਗਾਲੀ ਇਨਕਲਾਬੀਆਂ ਕੋਲੋਂ ਲਿਖਤੀ ਤੇ ਅਮਲੀ ਅਗਵਾਈ ਲੈਣ ਲਈ ਪੰਜਾਬ ਦੇ ਇਨਕਲਾਬੀਆਂ ਨੇ ਬੰਗਾਲ ਦੇ ਇਨਕਲਾਬੀਆਂ ਤੇ ਬੁੱਧੀਮਾਨਾਂ ਤੱਕ ਪਹੁੰਚ ਕੀਤੀ ਸੀ ਅਤੇ ਅੱਜ ਬੰਗਾਲ ਦੇ ਖੋਜੀਆਂ ਵੱਲੋਂ ਆਪਣੇ ਇਨਕਲਾਬੀ ਨਾਇਕਾਂ ਦੇ ਇਤਿਹਾਸ ਤੇ ਪ੍ਰਾਪਤੀਆਂ ਨੂੰ ਜਾਨਣ ਤੇ ਖੋਜਣ ਲਈ ਪੰਜਾਬ ਦਾ ਰੁਖ਼ ਕੀਤਾ ਜਾ ਰਿਹਾ ਹੈ। ਕੁਝ ਵੀ ਹੋਵੇ ਇਹ ਗੱਲ ਹੈ ਬੜੀ ਦੁਖਦਾਈ ਤੇ ਚਿੰਤਾ ਵਾਲੀ ਕਿ ਬੰਗਾਲ ਵਰਗੇ ਸੂਬੇ ਵਿਚ ਵੀ ਇਨਕਲਾਬੀਆਂ ਤੇ ਇਨਕਲਾਬੀ ਇਤਿਹਾਸ ਨਾਲ ਅਜਿਹਾ ਸਲੂਕ ਹੋਇਆ ਹੈ ਜਦ ਕਿ ਓਥੇ ਏਨਾ ਲੰਮਾ ਸਮਾਂ ਹਕੂਮਤ ਵੀ ਕਮਿਊਨਿਸਟਾਂ ਦੀ ਰਹੀ ਹੈ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ

ਸੰਭਾਲਣ ਬਾਰੇ ਇੱਕ ਹੀ ਵੇਰਵਾ 'ਦਾਲ 'ਚੋਂ ਦਾਣਾ ਟੋਹਣ' ਲਈ ਕਾਫ਼ੀ ਹੋਵੇਗਾ। ਸ਼ਹੀਦ ਭਗਤ ਸਿੰਘ ਦੇ ਯੁੱਧ-ਸਾਥੀ ਤੇ ਅਸੈਂਬਲੀ ਵਿਚ ਬੰਬ ਸੁੱਟਣ ਦੀ ਇਤਿਹਾਸਕ ਘਟਨਾ ਵਿਚ ਭਗਤ ਸਿੰਘ ਨਾਲ ਸ਼ਾਮਲ ਸਾਥੀ ਬੀ ਕੇ ਦੱਤ ਦੇ ਪਿੰਡ ਵਿਚ ਅਜੇ ਤੱਕ ਉਸਦੀ ਦੀ ਯਾਦਗਾਰ ਸਥਾਪਤ ਨਹੀਂ ਕੀਤੀ ਗਈ। ਦੱਤ ਦੇ ਪ੍ਰਸੰਸਕਾਂ ਦੇ ਲਗਾਤਾਰ ਦਬਾਓ ਪਾਉਣ 'ਤੇ ਕਮਿਊਨਿਸਟ ਸਰਕਾਰ ਨੇ ਦੱਤ ਦੇ ਨਿਵਾਸ ਅਸਥਾਨ ਨੂੰ ਇਤਿਹਾਸਕ ਯਾਦਗਾਰ ਬਨਾਉਣ ਦਾ ਕਾਗ਼ਜ਼ੀ ਫ਼ੈਸਲਾ ਤਾਂ ਦਸ ਸਾਲ ਪਹਿਲਾਂ ਕਰ ਦਿੱਤਾ ਪਰ ਇਸ 'ਤੇ ਅਮਲ-ਦਰਾਮਦ ਅੱਜ ਤੱਕ ਨਹੀਂ ਹੋ ਸਕਿਆ। ਯਾਦਗਾਰ ਬਨਾਉਣ ਲਈ ਵਿਧੀਵਤ ਸਰਕਾਰੀ ਮਨਜ਼ੂਰੀ ਲੈਣ ਵਾਲੀ ਫ਼ਾਈਲ ਸਰਕਾਰੀ ਦਫ਼ਤਰਾਂ ਵਿਚ ਪਿਛਲੇ ਦਸ ਸਾਲਾਂ ਤੋਂ ਰੁਲ਼ ਰਹੀ ਹੈ ਤੇ ਮਨਜ਼ੂਰੀ ਦੀ ਮੰਗ ਕਰਨ ਵਾਲੇ ਅਜੇ ਵੀ ਦਫ਼ਤਰ ਦਰ ਦਫ਼ਤਰ ਧੱਕੇ ਖਾ ਰਹੇ ਹਨ।

ਜਿਵੇਂ ਅੰਗਰੇਜ਼ ਹਕੂਮਤ ਵੱਲੋਂ ਪਰਚਾਰਿਆ ਜਾਂਦਾ ਰਿਹਾ, ਗ਼ਦਰ ਲਹਿਰ ਕਾਤਲਾਂ, ਡਾਕੂਆਂ ਤੇ ਲੁਟੇਰਿਆਂ ਦੀ ਲਹਿਰ ਨਹੀਂ ਸੀ। ਇਹ ਤਾਂ ਆਪਣੇ ਲੋਕਾਂ ਲਈ ਖ਼ੁਦ ਲੁੱਟੇ ਜਾਣ ਵਾਲੇ ਤੇ ਉਹਨਾਂ ਦੇ ਭਲੇ ਲਈ ਮੌਕਾ ਆਉਣ 'ਤੇ ਖ਼ੁਦ ਕਤਲ ਤੇ ਕੁਰਬਾਨ ਹੋ ਜਾਣ ਲਈ ਤਿਆਰ ਰਹਿਣ ਵਾਲੇ ਲੋਕਾਂ ਦੀ ਲਹਿਰ ਸੀ। 'ਗ਼ਦਰ' ਅਖ਼ਬਾਰ ਦੇ ਪਹਿਲੇ ਪੰਨੇ ਉੱਤੇ ਬਣਾਏ ਚਿੰਨ੍ਹਾਂ ਨੂੰ ਧਿਆਨ ਨਾਲ ਵੇਖਣ ਦੀ ਜ਼ਰੂਰਤ ਹੈ। ਓਥੇ ਦੋ ਤਲਵਾਰਾਂ ਦੇ ਨਾਲ ਇਕ ਫੁੱਲ ਵੀ ਛਪਿਆ ਹੁੰਦਾ ਸੀ। ਜਿਹੜਾ ਇਸ ਗੱਲ ਦਾ ਸੂਚਕ ਸੀ ਕਿ ਉਹ ਇਨਕਲਾਬੀ ਆਪਣੇ ਲੋਕਾਂ ਲਈ ਫੁੱਲਾਂ ਦੀ ਖ਼ੁਸ਼ਬੂ ਵਰਗਾ ਖ਼ੁਸ਼ੀਆਂ ਖੇੜਿਆਂ ਦਾ ਰਾਜ ਲਿਆਉਣ ਲਈ ਹੀ ਤਲਵਾਰਾਂ ਜਾਂ ਸ਼ਸ਼ਤਰ ਫੜ ਕੇ ਜੂਝਣ ਨਿਕਲੇ ਹਨ। ਆਪਣੇ ਲੋਕਾਂ ਲਈ ਮਹਿਕਾਂ ਭਰਿਆ, ਖ਼ੁਸ਼ੀਆਂ-ਖੇੜਿਆਂ ਵਾਲਾ ਫੁੱਲਾਂ ਵਰਗਾ ਜੀਵਨ ਲਿਆਉਣ ਦੇ ਅਭਿਲਾਖੀ ਇਹ ਸਿਰੜੀ-ਸੂਰਮੇ ਸਾਰੀ ਉਮਰ ਆਪ ਅੰਗਿਆਰਾਂ ਤੇ ਤੁਰਦੇ ਰਹੇ। ਆਪ ਆਪਣੇ ਪਰਿਵਾਰਾਂ ਨੂੰ ਅਸੁਰੱਖਿਆ ਦੀ ਬਲਦੀ ਅੱਗ ਵਿਚ ਸੁੱਟ ਕੇ ਆਪਣੇ ਸੀਨਿਆਂ ਨਾਲ ਅੰਗਿਆਰਾਂ ਨੂੰ ਘੁੱਟਦੇ ਰਹੇ ਤਾਕਿ ਸਾਡੇ ਸੀਨਿਆਂ ਵਿਚ ਠੰਡ ਪੈ ਸਕੇ।

ਅਸੀਂ ਅਕਸਰ ਹੀ ਇਹ ਗੱਲ ਕਰਦੇ ਰਹਿੰਦੇ ਹਾਂ ਕਿ ਮਹਾਨ ਪੰਜਾਬੀ ਲੋਕ ਇਤਿਹਾਸ ਦੇ ਸਿਰਜਕ ਤਾਂ ਹਨ ਪਰ ਇਸ ਨੂੰ ਲਿਖਣ ਤੇ ਸਾਂਭਣ ਵੱਲੋਂ ਇਕ ਹੱਦ ਤੱਕ ਲਾਪ੍ਰਵਾਹ ਹੀ ਰਹੇ ਹਨ। ਗ਼ਦਰ ਪਾਰਟੀ ਦੇ ਇਤਿਹਾਸ ਨਾਲ ਵੀ ਇਹੋ ਭਾਣਾ ਵਾਪਰਿਆ ਹੈ। ਅੰਡਰਗਰਾਊਂਡ ਵਿਚਰ ਰਹੀਆਂ ਲਹਿਰਾਂ ਦੀ ਇਕ ਸੀਮਾ ਇਹ ਹੁੰਦੀ ਹੈ ਕਿ ਪੁਲਿਸ ਦੇ ਹੱਥ ਆ ਜਾਣ ਦੇ ਡਰੋਂ ਇਸਦੇ ਕੰਮਾਂ ਜਾਂ ਵੇਰਵਿਆਂ ਦਾ ਲਿਖਤੀ ਰੀਕਾਰਡ ਰੱਖਣਾ ਸੰਭਵ ਨਹੀਂ ਹੁੰਦਾ। ਕੋਈ ਦਸਤਾਵੇਜ਼ੀ ਸਬੂਤ ਨਾ ਹੋਣ ਦੀ ਸੂਰਤ ਵਿਚ ਪਿੱਛੋਂ ਇਤਿਹਾਸ ਲਿਖਣ ਵਾਲੇ ਪ੍ਰਮਾਣਿਕ ਸਾਮੱਗਰੀ ਦੀ ਘਾਟ ਨੂੰ ਬਚ ਗਏ ਇਨਕਲਾਬੀਆਂ ਨਾਲ ਮੇਲ-ਮੁਲਾਕਾਤਾਂ ਰਾਹੀਂ ਪੂਰਾ ਕਰਨ ਦਾ ਯਤਨ ਕਰਦੇ ਹਨ। ਸਾਡੇ ਕੁਝ ਇਤਿਹਾਸਕਾਰਾਂ ਨੇ ਉਹਨਾਂ ਗ਼ਦਰੀ ਬਾਬਿਆਂ ਕੋਲੋਂ, ਜਿਹੜੇ ਲੰਮੀਆਂ ਕੈਦਾਂ ਭੋਗਣ ਉਪਰੰਤ ਦੇਰ ਤੱਕ ਜਿਊਂਦੇ ਰਹੇ, ਪੁੱਛ-ਗਿੱਛ ਕਰਕੇ ਇਸ ਇਤਿਹਾਸ ਦਾ ਖ਼ਾਕਾ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਯਾਦ-ਦਾਸ਼ਤ ਦੇ ਆਧਾਰ 'ਤੇ ਦਿੱਤੀ ਜਾਣਕਾਰੀ ਵਿਚ ਬਹੁਤ ਸਾਰੇ ਤੱਥਾਤਮਕ ਖੱਪੇ ਰਹਿ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸਦਾ ਪ੍ਰਮਾਣ ਬਾਬਾ ਹਰਨਾਮ ਸਿੰਘ

ਟੁੰਡੀਲਾਟ ਦੀ ਲਿਖੀ ਇਕ ਚਿੱਠੀ ਤੋਂ ਭਲੀ-ਭਾਂਤ ਮਿਲ ਜਾਂਦਾ ਹੈ। ਜਦੋਂ ਗੁਰਚਰਨ ਸਿੰਘ ਸਹਿੰਸਰਾ 'ਦੇਸ਼ ਭਗਤ ਯਾਦਗਾਰ ਕਮੇਟੀ' ਦੀ ਅਗਵਾਈ ਵਿਚ 'ਗ਼ਦਰ ਪਾਰਟੀ ਦਾ ਇਤਿਹਾਸ' ਲਿਖਣ ਲਈ ਮਸਾਲਾ ਇਕੱਠਾ ਕਰ ਰਿਹਾ ਸੀ ਤਾਂ ਉਸਨੇ ਗ਼ਦਰ ਪਾਰਟੀ ਦੀ ਸਥਾਪਨਾ ਤੇ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਨਾਲ ਮੁੱਢੋਂ ਜੁੜੇ ਰਹੇ ਪ੍ਰਸਿੱਧ ਗ਼ਦਰੀ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਚਿੱਠੀਆਂ ਲਿਖ ਕੇ ਉਸ ਦੌਰ ਦੀਆਂ ਯਾਦਾਂ ਨੂੰ ਕਲਮ-ਬੰਦ ਕਰਕੇ ਭੇਜਣ ਦੀ ਬੇਨਤੀ ਕੀਤੀ। ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਜਵਾਬ ਵਿਚ ਲਿਖਿਆ ਸੀ, 'ਮੁਝੇ ਕਿਸੇ ਭੀ ਨਏ ਪੁਰਾਨੇ ਸਾਥੀ ਕੀ ਇਮਦਾਦ ਸੇ ਅਖ਼ਬਾਰ 'ਗ਼ਦਰ' ਕੇ ਜਾਰੀ ਹੋਨੇ ਕੀ ਤਾਰੀਖ਼ ਕੇ ਬਾਰੇ ਮੇਂ ਕੋਈ ਸਹਾਇਤਾ ਨਹੀਂ ਮਿਲ ਸਕੀ। ਦੋ ਤੀਨ ਪੁਰਾਨੇ ਸਾਥੀਓਂ ਸੇਂ ਪੂਛਾ ਗਇਆ। ਉਨਕੀ ਯਾਦ-ਦਾਸ਼ਤ ਸਿਫ਼ਰ ਸੇ ਭੀ ਨੀਚੇ ਚਲੀ ਗਈ ਹੈ। ਅਪਨੀ ਏਕ ਲਿਖੀ ਹੂਈ ਕਾਪੀ ਕਾਗ਼ਜ਼ਾਤ ਮੇਂ ਦਬੀ ਪੜੀ ਦੇਖਨੇ ਕੋ ਮਿਲ ਗਈ। ਇਸ ਸੇ ਇਸ ਬਾਤ ਕੀ ਸਹੀ ਰੌਸ਼ਨੀ ਪੜੀ।'

ਚੇਤੇ ਦੀ ਘਾਟ ਤੋਂ ਇਲਾਵਾ ਉੱਤਰਦਾਤਿਆਂ ਵੱਲੋਂ ਦਿੱਤੀ ਜਾਣਕਾਰੀ ਵਿਚ ਅੰਤਰਮੁਖਤਾ ਦਾ ਦਖ਼ਲ ਵੀ ਇਤਿਹਾਸ ਲਿਖਣ ਲਈ ਲੋੜੀਂਦੀ ਵਿੱਥ-ਸੋਝੀ ਦੇ ਰਾਹ ਦਾ ਰੋੜਾ ਬਣ ਖਲੋਂਦਾ ਹੈ। ਖ਼ੁਦ ਇਹਨਾਂ ਬਾਬਿਆਂ ਨੇ ਆਪਣੇ ਕੰਮਾਂ ਤੇ ਸਾਥੀਆਂ ਦੀਆਂ ਕੁਰਬਾਨੀਆਂ ਨਾਲ ਸੰਬੰਧਤ ਇਤਿਹਾਸ ਨੂੰ ਲਿਖਤੀ ਰੂਪ ਵਿਚ ਸਾਂਭਣ ਦਾ ਘੱਟ ਹੀ ਉੱਦਮ ਕੀਤਾ ਹੈ। ਇਤਿਹਾਸ ਲਿਖਣ ਤੇ ਸਾਂਭਣ ਵਾਲੀ ਇਤਿਹਾਸਕ ਦ੍ਰਿਸ਼ਟੀ ਤੋਂ ਉਹ ਬਹੁਤ ਹੱਦ ਤੱਕ ਅਣਜਾਣ ਸਨ। ਉਂਜ ਵੀ ਉਹ ਸੁਭਾਅ ਦੇ ਨਿਰਮਾਣ ਸਨ। ਆਪਣੇ ਕੀਤੇ ਦਾ ਵਿਖਾਲਾ ਨਾ ਪਾਉਣ ਦੀ ਉਹਨਾਂ ਦੇ ਸੁਭਾਅ ਵਿਚਲੀ ਨਿਰਮਾਣਤਾ ਵੀ ਉਹਨਾਂ ਨੂੰ ਆਪਣੇ ਬਾਰੇ ਲਿਖਣ ਤੋਂ ਰੋਕਦੀ ਸੀ। ਉਹਨਾਂ ਵਿਚੋਂ ਬਹੁਤੇ ਵਿਦਿਅਕ ਪੱਖੋਂ ਵੀ ਬਹੁਤੇ ਪੜ੍ਹੇ-ਲਿਖੇ ਨਾ ਹੋਣ ਕਰਕੇ ਆਪਣੀਆਂ ਇਤਿਹਾਸਕ ਯਾਦਾਂ ਨੂੰ ਲਿਖਣ ਤੋਂ ਅਸਮਰੱਥ ਸਨ। ਉਸ ਵੇਲੇ ਅਜੇ ਵੱਡੇ ਪੱਧਰ 'ਤੇ ਪੰਜਾਬੀ ਵਿਚ ਠੁੱਕਦਾਰ ਵਾਰਤਕ ਲਿਖੇ ਜਾਣ ਦਾ ਪ੍ਰਚਲਨ ਵੀ ਨਹੀਂ ਸੀ ਹੋਇਆ। ਸ਼ਹਿਰੀ ਮੱਧ-ਸ਼੍ਰੇਣੀ ਤਾਂ ਠੀਕ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਕੁਝ ਹੱਦ ਤੱਕ ਵਾਰਤਕ ਦੀ ਸਿਰਜਣਾ ਕਰਨ ਲੱਗੀ ਸੀ ਪਰ ਪੰਜਾਬ ਦਾ ਪਿੰਡ ਅਜੇ ਕਿੱਸਿਆਂ-ਕਹਾਣੀਆਂ ਦੀ ਪਰੰਪਰਾ ਵਿਚੋਂ ਬਾਹਰ ਨਹੀਂ ਸੀ ਨਿਕਲ ਸਕਿਆ। ਗ਼ਦਰ ਪਾਰਟੀ ਦੇ ਆਗੂ ਤੇ ਕਾਰਕੁਨ ਬਹੁਤਾ ਕਰਕੇ ਪੰਜਾਬ ਦੇ ਪਿੰਡ ਨਾਲ ਹੀ ਸੰਬੰਧਤ ਸਨ। ਇਹੋ ਕਾਰਨ ਹੈ ਕਿ ਇਹਨਾਂ ਗ਼ਦਰੀ ਬਾਬਿਆਂ ਵਿਚੋਂ ਜਿਨ੍ਹਾਂ ਨੇ ਆਪਣੀਆਂ ਯਾਦਾਂ ਲਿਖਣ ਦੀ ਕੋਸ਼ਿਸ਼ ਕੀਤੀ ਵੀ ਉਹਨਾਂ ਨੇ ਬਹੁਤੀ ਵਾਰ ਕਵਿਤਾ ਦਾ ਆਸਰਾ ਹੀ ਲਿਆ। ਇਸ ਪ੍ਰਸੰਗ ਵਿਚ ਬਾਬਾ ਵਸਾਖਾ ਸਿੰਘ ਦਦੇਹਰ ਅਤੇ ਸੱਜਣ ਸਿੰਘ ਨਾਰੰਗਵਾਲ ਦੁਆਰਾ ਲਿਖੇ ਕਾਵਿਕ-ਇਤਿਹਾਸ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਬਾਬਾ ਹਰਨਾਮ ਸਿੰਘ ਚਮਿੰਡਾ ਵੱਲੋਂ ਕਰਤਾਰ ਸਿੰਘ ਸਰਾਭੇ ਬਾਰੇ ਲਿਖੇ ਬਿਰਤਾਂਤ ਵਿਚ ਉਹ ਬਾਰ ਬਾਰ ਆਪਣੀ ਗੱਲ ਨੂੰ ਖ਼ਾਸ ਘਟਨਾਵੀ ਮੁਕਾਮ 'ਤੇ ਪਹੁੰਚਾ ਕੇ ਕਾਵਿ ਟੁਕੜਿਆਂ ਦੀ ਮਦਦ ਨਾਲ ਸਿਖ਼ਰਲਾ ਤੋੜਾ ਝਾੜਦਾ ਨਜ਼ਰ ਆਉਂਦਾ ਹੈ।

ਇਹ ਠੀਕ ਹੈ ਕਿ ਇਹ ਗ਼ਦਰੀ ਬਾਬੇ ਜਿਊਂਦਾ-ਜਾਗਦਾ ਸਾਹ ਲੈਂਦਾ ਇਤਿਹਾਸ ਸਨ ਪਰ ਇਹ ਆਪਣੀਆਂ ਹਿੱਕਾਂ ਅੰਦਰ ਦੱਬੇ ਇਤਿਹਾਸ ਨੂੰ ਕਿਵੇਂ ਲਿਖਦੇ ਜਾਂ ਦੱਸਦੇ ਜਦੋਂ ਕਿ ਉਹਨਾਂ ਨੂੰ ਖ਼ੁਦ ਸਾਹ ਲੈਂਦੇ ਰਹਿਣ ਲਈ ਡਾਢੀਆਂ ਔਖੀਆਂ ਘਾਟੀਆਂ ਵਿਚੋਂ ਲੰਘਣਾ ਪੈ ਰਿਹਾ

ਸੀ। ਹਾਲਾਤ ਦੀ ਸਿਤਮ-ਜ਼ਰੀਫ਼ੀ ਤਾਂ ਇਹ ਹੈ ਕਿ ਦੇਸ਼ 'ਆਜ਼ਾਦ' ਹੋਣ ਪਿੱਛੋਂ ਉਹਨਾਂ ਵਿਚੋਂ ਬਹੁਤਿਆਂ ਦੀ ਆਰਥਕ ਸਥਿਤੀ ਅਜਿਹੀ ਬਣੀ ਰਹੀ ਕਿ ਉਹਨਾਂ ਨੂੰ ਦੋ ਡੰਗ ਦੀ ਰੋਟੀ ਦਾ ਧੰਦਾ ਸਾਰਨ ਲਈ ਵੀ ਡਾਢਾ ਔਖਾ ਹੋਣਾ ਪਿਆ। ਬਾਬਾ ਹਰਨਾਮ ਸਿੰਘ ਟੁੰਡੀਲਾਟ ਜੀ ਵੱਲੋਂ ਕਾਮਰੇਡ ਸਹਿੰਸਰਾ ਨੂੰ ਲਿਖੀਆਂ ਚਿੱਠੀਆਂ ਵਿਚੋਂ ਮੈਨੂੰ ਬਾਬਾ ਜੀ ਦੀ ਉਹ ਚਿੱਠੀ ਪੜ੍ਹ ਕੇ ਨਹਾਇਤ ਦੁੱਖ ਅਤੇ ਸ਼ਰਮਿੰਦਗੀ ਦਾ ਅਹਿਸਾਸ ਹੋਇਆ ਜਿਸ ਵਿਚ ਉਹਨਾਂ ਨੇ ਲਿਖਿਆ ਸੀ, "ਕਈ ਮਹੀਨੇ ਹੂਏ ਮੈਨੇ ਆਪਕੋ ਏਕ ਖ਼ਤ ਕੇ ਜਵਾਬ ਮੇਂ ਲਿਖਾ ਥਾ ਕਿ ਅਖ਼ਬਾਰ 'ਗ਼ਦਰ' ਕਾ ਪਹਿਲਾ ਪਰਚਾ ਛਾਇਆ ਹੋਨੇ ਕੀ ਤਾਰੀਖ਼ ਕਾ ਅਸਲੀ ਪਤਾ, ਕੁਝ ਔਰ ਸਬੂਤ ਦਰਿਆਫ਼ਤ ਕਰਕੇ ਬਤਲਾਊਂਗਾ। ਮਗਰ ਮਾਹ ਅਪ੍ਰੈਲ ਸੇ ਹੀ ਰੋਟੀ ਵਗੈਰਾ ਕੀ ਤੰਗੀ ਹੋਨੇ ਸੇ ਮੇਰੀ ਜਿਸਮਾਨੀ ਸਿਹਤ ਪਰ ਭੀ ਇਸਕਾ ਅਸਰ ਹੂਆ ਹੈ। ਇਸਕੇ ਸਾਥ ਪ੍ਰੇਸ਼ਾਨੀ ਜਾਂ ਚਿੰਤਾ ਫ਼ਿਕਰ ਕਾ ਦਬਾਓ ਹੋਨਾ ਭੀ ਜ਼ਰੂਰੀ ਥਾ। ਇਨ ਹਾਲਾਤ ਮੇਂ, ਮੈਂ ਉਪਰ ਵਾਲੀ ਬਾਤ ਕਾ ਜਵਾਬ ਦੇਨੇ ਕੇ ਕਾਬਲ ਨਹੀਂ ਹੋ ਸਕਾ।'

ਆਜ਼ਾਦੀ ਲਈ ਆਪਾ ਸਮਰਪਣ ਕਰਨ ਤੇ ਆਪਣੀ ਜ਼ਿੰਦਗੀ ਦੇ ਸੁਖ-ਚੈਨ ਨਿਸ਼ਾਵਰ ਕਰਨ ਵਾਲੇ ਬਾਬਾ ਟੁੰਡੀਲਾਟ ਵਰਗਿਆਂ ਦੀ ਅਜਿਹੀ ਹਾਲਤ ਪ੍ਰਾਪਤ ਆਜ਼ਾਦੀ ਦੇ ਖੋਖਲੇਪਨ ਦਾ ਉਘਾੜ ਤਾਂ ਪਾੜਦੀ ਹੀ ਹੈ ਨਾਲ ਇਹ ਵੀ ਦੱਸਦੀ ਹੈ ਕਿ ਜਦੋਂ ਉਹਨਾਂ ਲਈ ਰੋਜ਼ ਦਾ ਜਿਊਣਾ ਹੀ ਪਹਾੜ ਬਣਿਆਂ ਹੋਇਆ ਸੀ ਤਾਂ ਉਹਨਾਂ ਨੂੰ ਆਪਣਾ ਜੀਵਨ ਲਿਖਣ ਦੀ ਕਿੱਥੋਂ ਸੁਝਣੀ ਸੀ! ਅਜਿਹੀਆਂ ਦੁਸ਼ਵਾਰ ਹਾਲਤਾਂ ਵਿਚ ਬਹੁਤ ਥੋੜੇ ਗ਼ਦਰੀ ਬਾਬੇ ਆਪਣੇ ਜੀਵਨ ਤੇ ਯਾਦਾਂ ਨੂੰ ਲਿਖਤੀ ਰੂਪ ਵਿਚ ਸਾਂਭ ਸਕੇ, ਤੇ ਉਹ ਵੀ ਉਹਨਾਂ ਦੇ ਪ੍ਰਸੰਸਕਾਂ ਵੱਲੋਂ ਬਾਰ ਬਾਰ ਬੇਨਤੀਆਂ ਕਰਨ 'ਤੇ। ਖੋਜ ਦੀ ਪੱਧਰ 'ਤੇ ਗ਼ਦਰ ਪਾਰਟੀ ਬਾਰੇ ਸਭ ਤੋਂ ਪਹਿਲਾ ਯਾਦਗਾਰੀ ਕੰਮ ਜਗਜੀਤ ਸਿੰਘ ਨੇ ਵੱਡ ਆਕਾਰੀ ਪੁਸਤਕ 'ਗ਼ਦਰ ਪਾਰਟੀ ਲਹਿਰ' ਲਿਖ ਕੇ ਕੀਤਾ। ਉਸਤੋਂ ਪਿੱਛੋਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਰਹਿਨੁਮਾਈ ਅਧੀਨ ਗੁਰਚਰਨ ਸਿੰਘ ਸਹਿੰਸਰਾ ਨੇ 'ਗ਼ਦਰ ਪਾਰਟੀ ਦਾ ਇਤਿਹਾਸ' ਲਿਖਿਆ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਈ ਸਾਲ 'ਦੇਸ਼ ਭਗਤ ਯਾਦਾਂ' ਨਾਂ ਦਾ ਪਰਚਾ ਕੱਢ ਕੇ ਵੀ ਇਸ ਇਤਿਹਾਸ ਨੂੰ ਲਿਖਣ ਤੇ ਸਾਂਭਣ ਦਾ ਉਪਰਾਲਾ ਕੀਤਾ ਗਿਆ। ਪਿੱਛੋਂ ਕਾਮਰੇਡ ਸੋਹਨ ਸਿੰਘ ਜੋਸ਼, ਡਾ ਹਰੀਸ਼ ਪੁਰੀ, ਡਾ ਗੁਰਦੇਵ ਸਿੰਘ ਦਿਓਲ ਤੇ ਪ੍ਰੋ ਮਲਵਿੰਦਰਜੀਤ ਸਿੰਘ ਵੜੈਚ ਆਦਿ ਨੇ ਇਸ ਖੇਤਰ ਵਿਚ ਸਰਾਹੁਣਯੋਗ ਕੰਮ ਕੀਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਰਹੇ ਬਾਬਾ ਭਗਤ ਸਿੰਘ ਬਿਲਗਾ ਨੇ ਵੀ ਕੁਝ ਪੁਸਤਕਾਂ ਲਿਖ ਕੇ ਗ਼ਦਰ ਪਾਰਟੀ ਦੇ ਤਤਕਾਲੀ ਤੇ ਉੱਤਰਕਾਲੀ ਇਤਿਹਾਸ ਨੂੰ ਸਾਂਭਣ ਦਾ ਚਾਰਾ ਕੀਤਾ ਹੈ। ਕੁਝ ਨਵੇਂ ਖੋਜਾਰਥੀ ਹੁਣ ਵੀ ਆਪਣੀ ਸਮਰੱਥਾ ਮੁਤਾਬਕ ਇਸ ਦਿਸ਼ਾ ਵੱਲ ਚੰਗੇ ਉਪਰਾਲੇ ਕਰ ਰਹੇ ਹਨ। ਪਰ ਅਜੇ ਵੀ ਇਹ ਸਭ ਯਤਨ ਗੋਹੜੇ ਵਿਚੋਂ ਪੂਣੀ ਛੁਹਣ ਦੇ ਬਰਾਬਰ ਹੀ ਹਨ।

ਇਤਿਹਾਸ ਦੇ ਖੋਜੀਆਂ ਵੱਲੋਂ ਨਿਰਸੰਦੇਹ ਗ਼ਦਰ ਪਾਰਟੀ ਦੇ ਸਿਧਾਂਤਾਂ, ਸੰਕਲਪਾਂ, ਕੁਰਬਾਨੀਆਂ, ਪ੍ਰਾਪਤੀਆਂ ਤੇ ਕਮਜ਼ੋਰੀਆਂ ਦੇ ਵਿਵੇਚਨ ਤੇ ਵਿਸ਼ਲੇਸ਼ਣ ਰਾਹੀਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਇਸ ਲਹਿਰ ਦੇ ਮਹੱਤਵ ਨੂੰ ਸਥਾਪਤ ਕਰਨ ਦਾ, ਆਪਣੀ ਸਮਰੱਥਾ ਅਨੁਸਾਰ, ਸੁਯੋਗ ਉਪਰਾਲਾ ਕੀਤਾ ਗਿਆ ਹੈ ਪਰ ਇਸਦੇ ਬਾਵਜੂਦ ਗ਼ਦਰ ਲਹਿਰ ਦੇ ਬਹੁਤ ਸਾਰੇ ਨਾਇਕਾਂ ਦਾ ਜੀਵਨ ਆਪਣੇ ਪੂਰੇ ਖਿੜਾਓ ਤੇ ਜਲੌਅ ਸਮੇਤ ਸਾਡੇ ਰੂਬਰੂ ਨਹੀਂ ਹੋਇਆ।

ਉਹਨਾਂ ਗ਼ਦਰੀ ਸੂਰਬੀਰਾਂ ਦੇ ਜੀਵਨ ਤੇ ਕਾਰਜਾਂ ਬਾਰੇ ਖਿੰਡੇ ਪੁੰਡੇ ਵੇਰਵੇ ਤਾਂ ਸਾਨੂੰ ਇਸ ਲਹਿਰ ਨਾਲ ਸੰਬੰਧਤ ਇਤਿਹਾਸਾਂ ਅਤੇ ਕੁਝ ਗ਼ਦਰੀ ਬਾਬਿਆਂ ਵੱਲੋਂ ਲਿਖੀਆਂ ਯਾਦਾਂ ਵਿਚੋਂ ਨਜ਼ਰ ਆ ਜਾਂਦੇ ਹਨ ਪਰ ਉਹਨਾਂ ਦੇ ਜੀਵਨ ਉੱਤੇ ਮੁਕੰਮਲ ਤੇ ਸੰਗਠਤ ਝਾਤ ਪਾਉਣ ਵਾਲੀਆਂ ਅਜਿਹੀਆਂ ਜੀਵਨੀਆਂ ਤਾਂ ਅਸਲੋਂ ਹੀ ਨਦਾਰਦ ਹਨ, ਜਿਨ੍ਹਾਂ ਵਿਚ ਉਹਨਾਂ ਦਾ ਜੀਵਨ ਪੂਰੀ ਤਰਤੀਬ ਨਾਲ ਬਰੀਕ ਤੇ ਭਰਪੂਰ ਵੇਰਵਿਆਂ ਦੇ ਬਿਆਨ ਸਹਿਤ ਵਿਭਿੰਨ ਪਰਤਾਂ ਸਮੇਤ ਪੇਸ਼ ਹੋਇਆ ਹੋਵੇ। ਨਵੀਂਆਂ ਪੀੜ੍ਹੀਆਂ ਨੂੰ ਇਸ ਲਹਿਰ ਦੇ ਇਤਿਹਾਸਕ ਗੌਰਵ ਤੋਂ ਜਾਣੂ ਕਰਾਉਣ ਲਈ ਇਹਨਾਂ ਪ੍ਰਾਪਤ ਇਤਿਹਾਸਾਂ ਵਿਚ ਗ਼ਦਰ ਲਹਿਰ ਦੇ ਨਾਇਕਾਂ ਬਾਰੇ ਖਿੰਡੇ ਤੇ ਟੁਟਵੇਂ ਵੇਰਵਿਆਂ ਨੂੰ ਇੱਕ ਥਾਂ ਇਕੱਤਰ ਕਰਕੇ ਤੇ ਹੋਰ ਖੋਜ ਕਰਕੇ ਉਸ ਮਸਾਲੇ ਵਿਚ ਕੁਝ ਹੋਰ ਨਵਾਂ ਜੋੜਨ ਨਾਲ ਉਹਨਾਂ ਦੀਆਂ ਜੀਵਨੀਆਂ ਤਿਆਰ ਕਰਨ ਦੀ ਡਾਢੀ ਲੋੜ ਹੈ।

ਇਤਿਹਾਸ ਪ੍ਰਤੀ ਸਾਡੀ ਲਾਪ੍ਰਵਾਹੀ ਦਾ ਇਸਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਗ਼ਦਰ ਲਹਿਰ ਦੇ ਮਹਾਨ ਸੰਗਰਾਮੀਏ ਕਰਤਾਰ ਸਿੰਘ ਸਰਾਭੇ ਦੇ ਜੀਵਨ ਬਾਰੇ ਸਾਡੇ ਕੋਲ ਬਹੁਤ ਹੀ ਘੱਟ ਪ੍ਰਮਾਣਿਕ ਸਾਮੱਗਰੀ ਉਪਲਬਧ ਹੈ। ਉਸ ਬਾਰੇ ਜਿੰਨੀਆਂ ਵੀ ਪੁਸਤਕਾਂ ਉਪਲੱਬਧ ਹਨ ਉਹਨਾਂ ਵਿਚ ਮੁੜ-ਘਿੜ ਉਹੋ ਹੀ ਆਮ ਜਾਣੇ ਤੇ ਪੜ੍ਹੇ-ਸੁਣੇ ਗਏ ਵੇਰਵੇ ਬਿਆਨ ਹੋਏ ਮਿਲਦੇ ਹਨ। ਨਿਰਸੰਦੇਹ ਉਹ ਵੇਰਵੇ ਵੀ ਮਹੱਤਵਪੂਰਨ ਹਨ ਪਰ, ਜਿਵੇਂ ਅਸੀਂ ਚਾਹੁੰਦੇ ਹਾਂ, ਇਹਨਾਂ ਵੇਰਵਿਆਂ ਵਿਚ ਕੁਝ ਹੋਰ ਵੀ ਨਵਾਂ ਲੱਭ ਕੇ ਜੋੜਨ ਦੀ ਲੋੜ ਹੈ। ਕੁਝ ਪੁਸਤਕਾਂ ਛਪੀਆਂ ਜ਼ਰੂਰ ਹਨ ਪਰ ਇਹ ਯਤਨ ਨਾਮੁਕੰਮਲ ਹੋਣ ਦੇ ਬਾਵਜੂਦ, ਲੇਖਕਾਂ ਵੱਲੋਂ ਜਿੱਥੋਂ ਵੀ ਤੇ ਜਿੰਨਾ ਜਿੰਨਾ ਵੀ ਮਸਾਲਾ ਕਰਤਾਰ ਸਿੰਘ ਸਰਾਭੇ ਬਾਰੇ ਇਕੱਤਰ ਹੋ ਸਕਿਆ ਹੈ, ਕੀਤਾ ਗਿਆ ਹੈ ਤੇ ਇੰਝ ਇਤਿਹਾਸ ਦੀਆਂ ਪੁਸਤਕਾਂ ਵਿਚ ਟੋਟਾ ਟੋਟਾ ਖਿੱਲਰੇ ਸਰਾਭੇ ਨੂੰ ਇਕ ਥਾਂ ਜੋੜ ਕੇ ਉਸਦੀ ਇਨਕਲਾਬੀ ਸ਼ਖ਼ਸੀਅਤ ਦਾ ਸੰਗਠਤ ਬਿੰਬ ਉਸਾਰਨ ਦਾ ਉਪਰਾਲਾ ਕੀਤਾ ਹੈ। ਸਰਾਭੇ ਦੇ ਸਮਕਾਲੀਆਂ ਤੇ ਸੰਗੀਆਂ-ਸਾਥੀਆਂ ਨੇ ਸਰਾਭੇ ਬਾਰੇ ਆਪਣੇ ਵਿਚਾਰ ਵਿਅਕਤ ਕਰਕੇ ਉਹਦੀ ਸ਼ਖ਼ਸੀਅਤ ਦੇ ਕੁਝ ਰੰਗ ਉਭਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਉਹਨਾਂ ਦੀ ਇਸ ਕੋਸ਼ਿਸ਼ ਨੂੰ ਆਧਾਰ ਬਣਾ ਕੇ ਅਸੀਂ ਵੀ ਸਰਾਭੇ ਬਾਰੇ ਕੁਝ ਗੱਲਾਂ ਕਰਨ ਲੱਗੇ ਹਾਂ।

ਸਰਾਭੇ ਦੇ ਬਚਪਨ ਦੇ ਬਹੁਤੇ ਵੇਰਵੇ ਭਾਵੇਂ ਉਪਲਬਧ ਨਹੀਂ ਹਨ ਤਦ ਵੀ ਇਹ ਪਤਾ ਜ਼ਰੂਰ ਲੱਗਦਾ ਹੈ ਕਿ 23 ਮਈ 1896 ਵਿਚ, ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਰਾਭੇ ਵਿਚ, ਸਰਦਾਰ ਮੰਗਲ ਸਿੰਘ ਤੇ ਬੀਬੀ ਸਾਹਿਬ ਕੌਰ ਦੇ ਘਰ ਜਨਮੇ ਕਰਤਾਰ ਨੂੰ ਛੋਟੀ ਉਮਰ ਵਿਚ ਹੀ ਮਾਂ-ਪਿਓ ਦੀ ਮੌਤ ਦੇ ਵਿਛੋੜੇ ਦਾ ਸੱਲ ਸਹਿਣਾ ਪਿਆ ਤੇ ਉਸਦੀ ਪਰਵਰਿਸ਼ ਦੀ ਸਾਰੀ ਜ਼ਿੰਮੇਵਾਰੀ ਉਹਦੇ ਦਾਦਾ ਸਰਦਾਰ ਬਦਨ ਸਿੰਘ ਦੇ ਸਿਰ ਆਣ ਪਈ। ਕਰਤਾਰ ਸਿੰਘ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਉਹਦੀ ਇਕ ਭੈਣ ਵੀ ਸੀ, ਜਿਸਦਾ ਨਾਂ ਸੀ ਧੰਨ ਕੌਰ। ਦਾਦਾ ਕਰਤਾਰ ਨੂੰ ਬੇਥਾਹ ਪਿਆਰ ਕਰਦਾ ਸੀ। ਉਹ ਉਸਨੂੰ ਵਾਹੀ-ਖੇਤੀ ਦੇ ਕੰਮ ਵਿਚ ਨਹੀਂ ਸੀ ਪਾਉਣਾ ਚਾਹੁੰਦਾ। ਉਸਦੀ ਇੱਛਾ ਸੀ ਕਿ ਕਰਤਾਰ ਪੜ੍ਹ-ਲਿਖ ਕੇ ਕਿਸੇ ਚੰਗੇ ਰੁਜ਼ਗਾਰ 'ਤੇ ਲੱਗ ਜਾਵੇ। ਕਰਤਾਰ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਕਰਾ ਦਿੱਤਾ ਗਿਆ। ਪ੍ਰਾਇਮਰੀ ਦੀ ਮੁਢਲੀ ਵਿਦਿਆ ਲੈਣ ਉਪਰੰਤ ਉਹ ਗੁਜਰਵਾਲ ਦੇ ਵਰਨੈਕੁਲਰ ਮਿਡਲ ਸਕੂਲ ਦਾ

ਵਿਦਿਆਰਥੀ ਬਣਿਆਂ ਤੇ ਫਿਰ ਲੁਧਿਆਣੇ ਦੇ ਮਾਲਵਾ ਖ਼ਾਲਸਾ ਹਾਈ ਸਕੂਲ ਵਿਚ ਜਾ ਦਾਖ਼ਲ ਹੋਇਆ।

ਸਕੂਲ ਵਿਚ ਪੜ੍ਹਦਿਆਂ ਕਰਤਾਰ ਸਿੰਘ ਸਰਾਭਾ ਸਾਥੀਆਂ ਦਾ ਆਗੂ ਤੇ ਹਰਮਨ ਪਿਆਰਾ ਵਿਦਿਆਰਥੀ ਸੀ। ਚੁਸਤ ਚਲਾਕ ਵੀ ਬਹੁਤ ਸੀ। ਹਸਮੁੱਖ ਤੇ ਮਸਖ਼ਰੇ ਸੁਭਾਅ ਦਾ ਵੀ ਸੀ। ਉਹਦੀ ਹਰਮਨ ਪਿਆਰਾਤਾ ਕਾਰਨ ਦੂਜੇ ਵਿਦਿਆਰਥੀ ਉਹਦਾ ਸਾਥ ਮਾਨਣ ਲਈ ਉਤਾਵਲੇ ਰਹਿੰਦੇ ਸਨ। ਅਸਲ ਵਿਚ ਹੋਣਹਾਰ, ਚੁਸਤ ਅਤੇ ਹੁਸ਼ਿਆਰ ਕਰਤਾਰ ਸਿੰਘ ਵਿਚ ਸ਼ੁਰੂ ਤੋਂ ਹੀ ਲੀਡਰਸ਼ਿੱਪ ਦੇ ਗੁਣ ਸਨ। ਉਹਦੀ ਏਸੇ ਯੋਗਤਾ ਕਰਕੇ ਉਹਦੇ ਸਾਥੀ ਉਹਨੂੰ 'ਅਫ਼ਲਾਤੂ' ਕਹਿ ਕੇ ਬੁਲਾਉਂਦੇ ਸਨ। 'ਅਫ਼ਲਾਤੂ' ਆਖਣ ਤੋਂ ਭਾਵ ਇਹ ਸੀ ਕਿ ਉਹ ਅਜੀਬ ਤੇ ਅਣਹੋਣੀਆਂ ਗੱਲਾਂ ਕਰ ਸਕਣ ਦੀ ਯੋਗਤਾ ਤੇ ਦਲੇਰੀ ਦਾ ਮਾਲਕ ਸੀ। ਉਮਰ ਦੇ ਅਗਲੇ ਪੜਾਅ 'ਤੇ ਉਹਨੇ ਆਪਣੇ ਇਹਨਾਂ ਗੁਣਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ। ਕਈ ਸਾਥੀ ਉਹਦੀ ਫੁਰਤੀ ਤੇ ਤੇਜ਼ੀ ਤੋਂ ਪ੍ਰਭਾਵਤ ਹੋ ਕੇ ਮਖ਼ੌਲ ਨਾਲ ਉਹਨੂੰ 'ਉਡਣਾ ਸੱਪ' ਵੀ ਆਖਦੇ ਸਨ।

ਮਾਲਵਾ ਸਕੂਲ ਵ੍ਰਿਚ ਸਤਵੀਂ ਜਮਾਤ ਵਿਚ ਪੜ੍ਹਦਿਆਂ ਉਸਨੇ ਆਪਣੀ ਚੁਸਤੀ ਤੇ ਹੁਸ਼ਿਆਰੀ ਦੇ ਭੋਲੇ-ਮਾਣ ਸਦਕਾ ਸੋਚਿਆ ਕਿ ਕਿਉਂ ਨਾ ਝੂਠਾ ਸਰਟੀਫ਼ਿਕੇਟ ਬਣਾ ਕੇ ਨੌਵੀਂ ਵਿਚ ਦਾਖ਼ਲਾ ਲੈ ਲਿਆ ਜਾਵੇ ਤੇ ਉਚੇਰੀ ਪੜ੍ਹਾਈ ਕਰਨ ਦਾ ਨਿਸ਼ਾਨਾ ਇਕ-ਦੋ ਸਾਲ ਪਹਿਲਾਂ ਹੀ ਪੂਰਾ ਕਰ ਲਿਆ ਜਾਵੇ। ਉਸਨੇ ਮਾਲਵਾ ਸਕੂਲ ਵਿਚੋਂ ਸਤਵੀਂ ਦਾ ਸਰਟੀਫ਼ਿਕੇਟ ਲਿਆ ਤੇ ਉਸਨੂੰ 'ਨੌਵੀਂ ਦਾ ਬਣਾ ਕੇ' ਆਰੀਆ ਸਕੂਲ ਵਿਚ ਜਾ ਦਾਖ਼ਲ ਹੋਇਆ। ਪਹਿਲਾਂ ਤਾਂ ਸਕੂਲ ਵਾਲਿਆਂ ਨੂੰ ਪਤਾ ਹੀ ਨਾ ਲੱਗਾ ਪਰ ਜਦੋਂ ਪਤਾ ਲੱਗਣ 'ਤੇ ਸਕੂਲ ਵਾਲਿਆਂ ਐਕਸ਼ਨ ਲੈਣ ਦੀ ਸੋਚੀ ਤਾਂ ਕਰਤਾਰ ਨੂੰ ਵੀ ਖੁੜਕ ਗਈ। ਉਹ ਅਗਲੀ ਪੜ੍ਹਾਈ ਲਈ ਉੜੀਸਾ ਵਿਚ ਆਪਣੇ ਚਾਚੇ ਬਖਸ਼ੀਸ਼ ਸਿੰਘ ਕੋਲ ਚਲਾ ਗਿਆ ਤੇ ਉਥੇ ਜਾ ਕੇ ਦਸਵੀਂ ਪਾਸ ਕਰ ਕੇ ਕਾਲਜ ਵਿਚ ਦਾਖ਼ਲਾ ਲੈ ਲਿਆ। ਨਵੇਂ ਤੋਂ ਨਵਾਂ ਗਿਆਨ ਹਾਸਲ ਕਰਨ ਦੀ ਤਲਬ ਕਾਰਨ ਉਹ ਪਾਠ ਪੁਸਤਕਾਂ ਪੜ੍ਹਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਾਹਿਤ ਪੜ੍ਹਦਾ ਰਹਿੰਦਾ। ਸਰਟੀਫ਼ਿਕੇਟ ਵਿਚ ਤ੍ਰਬਦੀਲੀ ਕਰਕੇ ਨੌਵੀਂ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਤੋਂ ਉਹਦੇ ਸੁਭਾਅ ਦਾ ਇਹ ਪੱਖ ਸਾਬ੍ਰਤ ਹੁੰਦਾ ਹੈ ਕਿ ਉਹਨੂੰ 'ਉਚੇਰੀਆਂ ਮੰਜ਼ਿਲਾਂ ਛੂਹਣ ਦੀ' ਕਿੰਨੀ ਤਿੱਖੀ ਕਾਹਲ ਸੀ ਤੇ ਉਹ ਛੇਤੀ ਤੋਂ ਛੇਤੀ ਵੱਡੇ ਮਾਅਰਕੇ ਮਾਰਨ ਦਾ ਅਭਿਲਾਸ਼ੀ ਸੀ।

ਚਾਚੇ ਕੋਲ ਰਹਿ ਕੇ ਪੜ੍ਹਦਿਆਂ, ਏਥੇ, ਉਸਨੂੰ ਅੰਗਰੇਜ਼ੀ ਬੋਲਣ ਤੇ ਲਿਖਣ ਦਾ ਚੰਗਾ ਅਭਿਆਸ ਹੋ ਗਿਆ। ਉਹ ਅੰਗਰੇਜ਼ੀ ਸਾਹਿਤ ਪੜ੍ਹਨ ਵਿਜ ਦਿਲਚਸਪੀ ਲੈਣ ਲੱਗਾ। ਉਸ ਵੇਲੇ ਬੰਗਾਲ ਤੇ ਉੜੀਸਾ ਆਦਿ ਇਲਾਕਿਆਂ ਵਿਚ ਬਹੁਤ ਹੱਦ ਤੱਕ ਰਾਜਨੀਤਕ ਚੇਤਨਾ ਪੈਦਾ ਹੋ ਚੁੱਕੀ ਸੀ। ਸਰਾਭਾ ਸਕੂਲੀ ਪੁਸਤਕਾਂ ਤੋਂ ਇਲਾਵਾ ਕਿਉਂਕਿ ਹੋਰ ਸਾਹਿਤ ਵੀ ਪੜ੍ਹਦਾ ਰਹਿੰਦਾ ਸੀ ਇਸ ਲਈ ਉਸ ਉੱਤੇ ਇਸ ਰਾਜਨੀਤਕ ਜਾਗ੍ਰਤੀ ਦਾ ਵੀ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ। ਦੇਸ਼-ਪ੍ਰੇਮ ਤੇ ਦੇਸ਼ ਸੇਵਾ ਦੀ ਭਾਵਨਾ ਉਸ ਅੰਦਰ ਕਲਵਲ ਹੋਣ ਲੱਗੀ।

ਉਸ ਵੇਲੇ ਦੇ ਮਾਹੌਲ ਅਤੇ ਉਹਦੀ ਅਧਿਅਨ ਕਰਨ ਦੀ ਰੁਚੀ ਨੇ ਸਰਾਭੇ ਦਾ ਸੋਚਣ ਵਿਚਰਨ ਦਾ ਦਿਸਹੱਦਾ ਵਸੀਹ ਕਰ ਦਿੱਤਾ। ਘਰਦਿਆਂ ਦੀ ਸਲਾਹ ਨਾਲ ਉਸਨੇ ਅਮਰੀਕਾ ਵਿਚ

ਜਾ ਕੇ ਰਸਾਇਣ ਵਿਗਿਆਨ ਵਿਚ ਉੱਚੀ ਵਿਦਿਆ ਪ੍ਰਾਪਤ ਕਰਨ ਦਾ ਫ਼ੈਸਲਾ ਕਰ ਲਿਆ ਤੇ ਪਾਸਪੋਰਟ ਬਣਵਾ ਕੇ ਅਮਰੀਕਾ ਲਈ ਰਵਾਨਾ ਹੋ ਗਿਆ। ਆਮ ਤੌਰ 'ਤੇ ਪਹਿਲਾਂ ਪ੍ਰਾਪਤ ਹਵਾਲਿਆਂ ਤੋਂ ਇਹ ਪਤਾ ਚੱਲਦਾ ਹੈ ਕਿ ਸਰਾਭਾ 1912 ਦੇ ਜਨਵਰੀ ਮਹੀਨੇ ਵਿਚ ਅਮਰੀਕਾ ਪਹੁੰਚਿਆ ਸੀ ਪਰ ਸੀਤਾ ਰਾਮ ਬਾਂਸਲ ਵੱਲੋਂ ਅਮਰੀਕਾ ਦੇ ਸੂਬੇ ਕੈਲੇਫ਼ੋਰਨੀਆਂ ਦੇ ਸ਼ਹਿਰ ਸ਼ਾਨ ਬਰੂਨੋ ਦੀ 'ਨੈਸ਼ਨਲ ਆਰਕਾਈਵਜ਼ ਐਂਡ ਰੀਕਾਰਡ ਐਡਮਨਿਸਟ੍ਰੇਸ਼ਨ' (ਨਾਰਾ) ਵਿਚੋਂ ਪ੍ਰਾਪਤ ਕੀਤੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਸਰਾਭੇ ਵੱਲੋਂ ਆਪਣੇ ਬਾਰੇ ਰੀਕਾਰਡ ਵਿਚ ਦਰਜ ਕਰਵਾਈ ਜਾਣਕਾਰੀ ਅਨੁਸਾਰ ਸਰਾਭਾ 2 ਜੁਲਾਈ 1912 ਨੂੰ ਹਾਂਗਕਾਂਗ ਤੋਂ ਚੱਲਿਆ ਤੇ 28 ਜੁਲਾਈ 1912 ਨੂੰ ਅਮਰੀਕਾ ਦੇ ਸ਼ਹਿਰ ਸਾਨਫ਼ਰਾਂਸਿਸਕੋ ਨੇੜੇ ਏਂਜਲ ਆਈਲੈਂਡ 'ਤੇ ਜਾ ਉਤਰਿਆ। ਅਮਰੀਕਾ ਪਹੁੰਚਣ ਵਾਲੇ ਆਵਾਸੀਆਂ ਨੂੰ ਏਥੇ ਇਮੀਗ੍ਰੇਸ਼ਨ ਅਧਿਕਾਰੀਆਂ ਅਤੇ ਡਾਕਟਰਾਂ ਅੱਗੇ ਪੇਸ਼ ਹੋਣਾ ਪੈਂਦਾ ਸੀ। ਜਦੋਂ ਪੂਰੀ ਸੰਤੁਸ਼ਟੀ ਹੋ ਜਾਂਦੀ ਤਾਂ ਉਹਨਾਂ ਨੂੰ ਸਾਨਫ਼ਰਾਂਸਿਸਕੋ ਭੇਜਿਆ ਜਾਂਦਾ। ਕਰਤਾਰ ਸਿੰਘ 30 ਜੁਲਾਈ 1912 ਨੂੰ ਡਾਕਟਰੀ ਵਿਚੋਂ ਪਾਸ ਹੋ ਗਿਆ। ਡਾਕਟਰ ਤੋਂ ਸਰਟੀਫ਼ਿਕੇਟ ਪ੍ਰਾਪਤ ਹੋ ਜਾਣ ਤੋਂ ਬਾਅਦ ਉਸਨੂੰ 31 ਜੁਲਾਈ 1912 ਨੂੰ ਸਪੈਸ਼ਲ ਪੜਤਾਲੀਆ ਬੋਰਡ ਅੱਗੇ ਪੇਸ਼ ਹੋਣਾ ਸੀ। ਬੋਰਡ ਅੱਗੇ ਹਰੀ ਸਿੰਘ ਦੁਭਾਸ਼ੀਏ ਦੇ ਤੌਰ 'ਤੇ ਪੇਸ਼ ਹੋਇਆ। ਚੇਅਰਮੈਨ ਨੇ ਕਰਤਾਰ ਸਿੰਘ ਨੂੰ ਸਹੁੰ ਚੁਕਾਈ। ਕਰਤਾਰ ਸਿੰਘ ਵੱਲੋਂ ਦੱਸੇ ਵੇਰਵੇ ਇਸ ਪ੍ਰਕਾਰ ਹਨ:

ਨਾਂ: ਕਰਤਾਰ ਸਿੰਘ ਸਰਾਭਾ, ਉਮਰ ਸਤਾਰਾਂ ਸਾਲ, ਅਣਵਿਆਹਿਆ, ਕਿੱਤਾ ਖੇਤੀ-ਬਾੜੀ, ਅੰਗਰੇਜ਼ੀ ਪੜ੍ਹ ਲਿਖ ਸਕਦਾ, ਇੰਗਲੈਂਡ ਦੀ ਪਰਜਾ, ਕੌਮ ਈਸਟ ਇੰਡੀਅਨ, ਹਿੰਦੁਸਤਾਨ ਵਿਚ ਨੇੜਲਾ ਰਿਸ਼ਤੇਦਾਰ ਮੇਰਾ ਦਾਦਾ ਬਦਨ ਸਿੰਘ ਸਰਾਭਾ ਪੱਖੋਵਾਲ ਜ਼ਿਲ੍ਹਾ ਲੁਧਿਆਣਾ ਵਿਚ ਰਹਿ ਰਿਹਾ ਹੈ, ਮੰਜ਼ਿਲ ਸਾਨਫ਼ਰਾਂਸਿਸਕੋ।

ਅਧਿਕਾਰੀਆਂ ਵੱਲੋਂ ਕਰਤਾਰ ਸਿੰਘ ਨਾਲ ਜਿਹੜੇ ਸਵਾਲ-ਜਵਾਬ ਹੋਏ, ਉਹਨਾਂ ਦਾ ਪ੍ਰਾਪਤ ਰੀਕਾਰਡ ਵਿਚ ਜ਼ਿਕਰ ਨਿਮਨ-ਲਿਖਤ ਅਨੁਸਾਰ ਹੈ।

ਸਵਾਲ: ਤੇਰਾ ਰਸਤੇ ਦਾ ਖ਼ਰਚਾ ਕਿਸਨੇ ਦਿੱਤਾ?

ਜਵਾਬ: ਮੇਰੇ ਦਾਦੇ ਬਦਨ ਸਿੰਘ ਨੇ

ਸਵਾਲ: ਤੇਰੇ ਕੋਲ ਕਿੰਨਾਂ ਧਨ ਹੈ?

ਜਵਾਬ: ਲਗਭਗ ਸੌ ਡਾਲਰ

ਸਵਾਲ: ਕੀ ਤੂੰ ਪਹਿਲਾਂ ਵੀ ਕਦੀ ਯੂ ਐਸ ਵਿਚ ਰਿਹਾ ਸੀ?

ਜਵਾਬ: ਨਹੀਂ

ਸਵਾਲ: ਕੀ ਤੇਰੇ ਕੋਈ ਰਿਸ਼ਤੇਦਾਰ ਜਾਂ ਦੋਸਤ ਏਥੇ ਹਨ?

ਜਵਾਬ: ਨਹੀਂ

ਸਵਾਲ: ਤੂੰ ਏਥੇ ਕੀ ਕਰਨ ਦੀ ਆਸ ਕਰਦਾ ਹੈਂ?

ਜਵਾਬ: ਮੈਂ ਏਥੇ ਪੜ੍ਹਾਂਗਾ

ਸਵਾਲ: ਏਥੇ ਤੂੰ ਪੜ੍ਹੇਂਗਾ ਕਿੱਥੇ?

ਜਵਾਬ: ਬਰਕਲੇ ਦੀ ਯੂਨੀਵਰਸਿਟੀ ਵਿਚ

ਸਵਾਲ: ਯੂ ਐਸ ਵਿਚ ਰਹਿੰਦਿਆਂ ਤੇਰੀ ਮਦਦ ਕਿਵੇਂ ਹੋਵੇਗੀ?

ਜਵਾਬ: ਮੇਰੇ ਦਾਦੇ ਵੱਲੋਂ, ਉਹ ਮੈਨੂੰ ਪੈਸੇ ਭੇਜੇਗਾ।

ਸਵਾਲ: ਉਹਦਾ ਕੰਮ ਕਾਰ ਕੀ ਹੈ?

ਜਵਾਬ: ਉਹ ਕਿਸਾਨ ਹੈ। ਉਹਦੀ ਤਿੰਨ ਸੌ ਏਕੜ ਜ਼ਮੀਨ ਹੈ।

ਸਵਾਲ: ਕੀ ਤੇਰੇ ਕੋਈ ਭਰਾ ਹਨ?

ਜਵਾਬ: ਨਹੀਂ ਮੈਂ ਇਕਲੌਤੀ ਔਲਾਦ ਹਾਂ।

ਸਵਾਲ: ਤੂੰ ਆਪਣੇ ਦਾਦੇ ਨਾਲ ਕਿੰਨਾ ਸਮਾਂ ਰਿਹਾ?

ਜਵਾਬ: ਮੇਰੇ ਪਿਤਾ ਨੂੰ ਮਰਿਆਂ ਗਿਆਰਾਂ ਸਾਲ ਹੋ ਗਏ ਹਨ, ਮੇਰੀ ਮਾਤਾ ਤਕਰੀਬਨ ਚਾਰ ਕੁ ਸਾਲ ਪਹਿਲਾਂ ਮਰੀ ਸੀ।

ਸਵਾਲ: ਤੂੰ ਅੰਗਰੇਜ਼ੀ ਬੋਲਣੀ ਕਿੱਥੋਂ ਸਿੱਖੀ?

ਜਵਾਬ: ਲੁਧਿਆਣੇ ਜ਼ਿਲ੍ਹੇ ਦੇ ਮਿਸ਼ਨ ਹਾਈ ਸਕੂਲ ਵਿਚੋਂ।

ਸਵਾਾਲ: ਓਥੇ ਤੂੰ ਕਿੰਨਾਂ ਚਿਰ ਸਕੂਲ ਜਾਂਦਾ ਰਿਹਾ?

ਜਵਾਬ: ਲਗਭਗ ਚਾਰ ਸਾਲ ਅਤੇ ਪੰਜ ਸਾਲ ਮੈਂ ਆਪਣੇ ਪਿੰਡ ਵਾਲੇ ਸਕੂਲ ਵਿਚ ਸੀ।

ਸਵਾਲ: ਕੀ ਪੜ੍ਹਾਈ ਵਾਸਤੇ ਏਥੇ ਤੂੰ ਹੋਰ ਕੁਝ ਕਰਨ ਦਾ ਇਰਾਦਾ ਰੱਖਦਾ ਹੈਂ?

ਜਵਾਬ: ਨਹੀਂ, ਮੇਰਾ ਦਾਦਾ ਮੈਨੂੰ ਹਰ ਮਹੀਨੇ ਪੈਸੇ ਭੇਜੇਗਾ।

ਸਵਾਲ: ਕਿੰਨੀ ਰਾਸ਼ੀ?

ਜਵਾਬ: ਲਗਭਗ ਚਾਲੀ ਡਾਲਰ ਇਕ ਮਹੀਨੇ ਦੇ।

ਸਵਾਲ: ਬਰਕਲੇ 'ਚ ਤੇਰਾ ਪਤਾ ਕੀ ਹੋਵੇਗਾ?

ਜਵਾਬ: ਮੈਂ ਅਜੇ ਨਹੀਂ ਦੱਸ ਸਕਦਾ।

ਸਵਾਲ: ਕੀ ਤੂੰ ਇਸ ਦੇਸ਼ ਵਿਚ ਕੰਮ ਕਰੇਂਗਾ?

ਜਵਾਬ: ਨਹੀਂ।

ਸਵਾਲ: ਤੂੰ ਯੂ ਐਸ ਏ ਵਿਚ ਕਿੰਨਾਂ ਸਮਾਂ ਰੁਕੇਂਗਾ?

ਜਵਾਬ: ਤਕਰੀਬਰ ਪੰਜ ਸਾਲ।

ਸਵਾਲ: ਯੂਨੀਵਰਸਿਟੀ ਵਿਚ ਕਿਹੜਾ ਵਿਸ਼ਾ ਲਵੇਂਗਾ?

ਜਵਾਬ: ਇਲੈਕਟ੍ਰੀਕਲ ਇੰਜੀਨੀਅਰਿੰਗ।

ਸਵਾਲ: ਇਕ ਮਹੀਨਾ ਰਹਿਣ ਲਈ ਚਾਲੀ ਡਾਲਰ ਬਹੁਤ ਛੋਟੀ ਰਕਮ ਹੈ, ਕੀ ਇਹ ਨਹੀਂ ਹੈ?

ਜਵਾਬ: ਮੈਂ ਚਾਲੀ ਡਾਲਰ ਤੋਂ ਜ਼ਿਆਦਾ ਲੈ ਸਕਦਾ ਹਾਂ।

ਸਵਾਲ: ਲੋੜ ਪੈਣ 'ਤੇ ਉਹ ਤੈਨੂੰ ਜ਼ਿਆਦਾ ਧਨ ਭੇਜ ਭੇਜ ਸਕਦਾ ਹੈ?

ਜਵਾਬ: ਹਾਂ।

ਸਵਾਲ: ਬੋਰਡ ਦੀ ਆਮ ਸਹਿਮਤੀ ਨਾਲ ਰਾਇ ਹੈ ਕਿ ਵਿਦੇਸ਼ੀ ਨੂੰ ਦਾਖ਼ਲਾ ਦਿੱਤਾ ਜਾਂਦਾ ਹੈ।

ਸਟੈਨੋਗ੍ਰਾਫ਼ਰ: ਮੈਂ ਸਹੀ ਕਰਦਾ ਹਾਂ ਕਿ ਇਹ ਕੇਸ ਦੀ ਸਹੀ ਪ੍ਰਤੀਲਿਪੀ ਹੈ (ਦਸਤਖ਼ਤ- ਈ ਏ ਕੈਰੋਲ)

ਏਨੀ ਸਖਤ ਪੁੱਛ-ਗਿੱਛ ਤੋਂ ਬਾਅਦ ਜਦੋਂ ਉਹਨੂੰ ਅਮਰੀਕਾ ਵਿਚ ਦਾਖ਼ਲ ਹੋਣ ਦੀ ਆਗਿਆ ਮਿਲ ਹੀ ਗਈ ਤਾਂ ਉਸਨੇ ਆਪਣੇ ਨਾਲ ਹੀ ਆਏ ਇਕ ਸਿਆਣੇ ਮੁਸਾਫ਼ਰ ਨੂੰ ਇਸਦਾ ਕਾਰਨ ਪੁੱਛਿਆ। ਉਸਨੇ ਦੱਸਿਆ ਕਿ ਇਸ ਸਖ਼ਤ ਪੁੱਛ-ਗਿੱਛ ਦਾ ਕਾਰਨ ਇਹ ਹੈ ਕਿ ਤੁਸੀਂ ਇਕ ਗੁਲਾਮ ਦੇਸ਼ ਦੇ ਸ਼ਹਿਰੀ ਹੋ। ਅਮਰੀਕਾ ਵੜਦਿਆਂ ਹੀ 'ਗੁਲਾਮ ਦੇਸ਼ ਦਾ ਸ਼ਹਿਰੀ' ਹੋਣ ਦੀ ਕੌੜੀ ਹਕੀਕਤ ਨੇ ਉਹਦੀ ਸੰਵੇਦਨਸ਼ੀਲਤਾ ਨੂੰ ਬੁਰੀ ਤਰ੍ਹਾਂ ਝੰਜੋੜ ਸੁੱਟਿਆ। ਉਹ ਦੇਸ਼ ਰਹਿੰਦਿਆਂ ਵੀ ਗੁਲਾਮੀ ਦੀ ਲਾਹਨਤ ਨੂੰ ਮਹਿਸੂਸ ਕਰਦਾ ਸੀ ਪਰ ਸਾਥੀ ਮੁਸਾਫ਼ਰ ਦੇ ਇਸ ਜਵਾਬ ਨੇ ਉਹਦੀ ਗੁਲਾਮ ਹੋਂਦ ਦਾ ਜਿੰਨੀ ਸ਼ਿੱਦਤ ਨਾਲ ਅਹਿਸਾਸ ਕਰਵਾਇਆ, ਅਜਿਹਾ ਨਮੋਸ਼ੀ ਭਰਿਆ ਡੂੰਘਾ ਅਹਿਸਾਸ ਉਹਨੂੰ ਅੱਜ ਤੱਕ ਨਹੀਂ ਸੀ ਹੋਇਆ।

ਅਮਰੀਕਾ ਵਿਚ ਪੁੱਜਣ 'ਤੇ ਉਸਨੇ ਬਰਕਲੇ ਯੂਨੀਵਰਸਿਟੀ ਵਿਚ ਰਸਾਇਣ ਵਿਗਿਆਨ ਦੀ ਵਿਦਿਆ ਹਾਸਲ ਕਰਨ ਲਈ ਦਾਖ਼ਲਾ ਲੈ ਲਿਆ। ਅਮਰੀਕਾ ਵਿਚ ਪੁੱਜਣ 'ਤੇ ਉਸਨੇ ਬਰਕਲੇ ਯੂਨੀਵਰਸਿਟੀ ਵਿਚ ਰਸਾਇਣ ਵਿਗਿਆਨ ਦੀ ਵਿਦਿਆ ਹਾਸਲ ਕਰਨ ਲਈ ਦਾਖ਼ਲਾ ਲੈ ਲਿਆ। ਪਹਿਲਾਂ-ਪਹਿਲ ਉਹ ਇਕ ਅਮਰੀਕਨ ਸੁਆਣੀ ਦੇ ਘਰ ਵਿਚ ਕਿਰਾਏਦਾਰ ਬਣ ਕੇ ਠਹਿਰਿਆ। ਅਮਰੀਕਾ ਦੇ ਆਜ਼ਾਦੀ-ਦਿਹਾੜੇ ਨੂੰ ਮਨਾਉਣ ਲਈ ਉਸ ਬਜ਼ੁਰਗ ਸੁਆਣੀ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜਨ ਤੇ ਸ਼ਹੀਦ ਹੋਣ ਵਾਲੇ ਦੇਸ਼-ਭਗਤਾਂ ਦੀਆਂ ਤਸਵੀਰਾਂ ਨੂੰ ਫੁੱਲਾਂ ਨਾਲ ਸਜਾਇਆ ਹੋਇਆ ਸੀ ਅਤੇ ਉਹਨਾਂ ਪ੍ਰਤੀ ਆਪਣੀ ਅਕੀਦਤ ਦਾ ਪ੍ਰਗਟਾਵਾ ਕਰ ਰਹੀ ਸੀ। ਜਦੋਂ ਕਰਤਾਰ ਸਿੰਘ ਨੇ ਉਸਨੂੰ ਤਸਵੀਰਾਂ ਪ੍ਰਤੀ ਸ਼ਰਧਾ ਭੇਟ ਕਰਦਿਆਂ ਵੇਖ ਕੇ ਇਸਦਾ ਕਾਰਨ ਪੁੱਛਿਆ ਤਾਂ ਉਸ ਸਵਾਣੀ ਨੇ ਬੜਾ ਹੁੱਬ ਕੇ ਦੱਸਿਆ ਕਿ ਅੱਜ ਦਾ ਦਿਨ ਉਸ ਲਈ ਤੇ ਸਾਰੇ ਅਮਰੀਕੀਆਂ ਲਈ ਬੜਾ ਮਾਣ ਭਰਿਆ ਹੈ ਕਿਉਂਕਿ ਇਸ ਦਿਨ ਉਹਨਾਂ ਦਾ ਦੇਸ਼ ਗੁਲਾਮੀ ਦੀ ਹਨੇਰੀ ਗੁਫ਼ਾ ਵਿਚੋਂ ਨਿਕਲ ਕੇ ਆਜ਼ਾਦੀ ਦੇ ਚਾਨਣ ਨਾਲ ਰੁਸ਼ਨਾਇਆ ਗਿਆ ਸੀ। ਕਰਤਾਰ ਸਿੰਘ ਨੇ ਇਹ ਸੁਣ ਕੇ ਹਾਉਕਾ ਲਿਆ, "ਸਾਨੂੰ ਇਹ ਸੁਭਾਗ ਦਿਨ ਵੇਖਣ ਤੇ ਮਾਨਣ ਦਾ ਮੌਕਾ ਪਤਾ ਨਹੀਂ ਕਦੋਂ ਨਸੀਬ ਹੋਵੇਗਾ!'

ਆਪਣੇ 'ਨਸੀਬਾਂ' ਦੀ ਲੜਾਈ ਲੜਨ ਲਈ ਉਸਨੂੰ ਯੂਨੀਵਰਸਿਟੀ ਵਿਚ ਬੜਾ ਸਾਜ਼ਗਾਰ ਮਾਹੌਲ ਮਿਲ ਗਿਆ। ਏਥੇ ਦੋ ਹੋਸਟਲਾਂ ਵਿਚ ਤੀਹ ਕੁ ਭਾਰਤੀ ਵਿਦਿਆਰਥੀ ਰਹਿੰਦੇ ਸਨ। ਇਹਨਾਂ ਵਿਦਿਆਰਥੀਆਂ ਵਿਚੋਂ ਬਹੁ-ਗਿਣਤੀ ਪੰਜਾਬੀ ਤੇ ਬੰਗਾਲੀ ਵਿਦਿਆਰਥੀਆਂ ਦੀ ਸੀ। ਪੰਜਾਬੀ ਇਕ ਹੋਸਟਲ ਵਿਚ ਰਹਿੰਦੇ ਸਨ ਜਦ ਕਿ ਬੰਗਾਲੀ ਤੇ ਮਦਰਾਸੀ ਆਦਿ ਵਿਦਿਆਰਥੀ ਇਕ ਵੱਖਰੇ ਹੋਸਟਲ ਵਿਚ ਠਹਿਰੇ ਹੋਏ ਸਨ। ਪਰ ਮਿਲਣ-ਗਿਲਣ ਤੇ ਆਪਸੀ ਰਿਸ਼ਤੇ ਵਿਚ ਵਿਚ ਉਹਨਾਂ ਦਾ ਇਕ ਦੂਜੇ ਪ੍ਰਤੀ ਰਵੱਈਆ ਭਰਾਵਾਂ ਵਰਗਾ ਸੀ। ਉਹਨਾਂ ਦੀ ਨੇੜਤਾ ਨੂੰ ਗੂੜ੍ਹਾ ਕਰਨ ਪਿੱਛੇ ਇੱਕ ਭਾਰਤ ਵਾਸੀ ਵਜੋਂ ਆਪਣੀ ਹੋਂਦ ਤੇ ਹਸਤੀ ਦੀ ਪਛਾਣ ਬਾਰੇ ਸੁਚੇਤ ਤੇ ਚੇਤੰਨ ਹੋਣ ਦੀ ਭਾਵਨਾ ਕਾਰਜਸ਼ੀਲ ਸੀ। ਉਹਨਾਂ ਵਿਚ ਰਾਜਨੀਤਕ ਚੇਤਨਾ ਦੀ ਚੰਗਿਆੜੀ ਮਘ ਚੁੱਕੀ ਸੀ। ਇਸ ਚੰਗਿਆੜੀ ਨੂੰ ਮਘਾਉਣ ਵਿਚ ਲਾਲਾ ਹਰਦਿਆਲ, ਭਾਈ ਪਰਮਾਨੰਦ ਲਾਹੌਰ

ਅਤੇ ਇਕ ਬੰਗਾਲੀ ਇਨਕਲਾਬੀ ਵਿਦਿਆਰਥੀ ਜਤਿੰਦਰ ਲਹਿਰੀ ਦਾ ਬਹੁਤ ਯੋਗਦਾਨ ਸੀ। ਲਾਲਾ ਹਰਦਿਆਲ ਤੇ ਭਾਈ ਪਰਮਾਨੰਦ ਦਾ ਵਿਦਿਆਰਥੀਆਂ ਨੂੰ ਏਕੇ ਦੀ ਲੜੀ ਵਿਚ ਪ੍ਰੋਣ ਵਿਚ ਵੱਡਾ ਯੋਗਦਾਨ ਸੀ; ਹਾਲਾਂ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਵਿਦਿਆਰਥੀਆਂ ਵਿਚ ਵਿਚਾਰਾਂ ਦਾ ਵਖਰੇਂਵਾ ਵੀ ਸੀ। ਕਰਤਾਰ ਸਿੰਘ ਸਰਾਭਾ ਤੇ ਦੂਜੇ ਪੰਜਾਬੀ ਵਿਦਿਆਰਥੀਆਂ ਦਾ ਖ਼ਿਆਲ ਸੀ ਕਿ ਦੇਸ਼ ਨੂੰ ਕੇਵਲ ਹਥਿਆਰਬੰਦ ਜੱਦੋ-ਜਹਿਦ ਰਾਹੀਂ ਹੀ ਆਜ਼ਾਦ ਕਰਵਾਇਆ ਜਾ ਸਕਦਾ ਹੈ। ਸਰਾਭਾ ਬਹੁਤ ਹੀ ਚੇਤੰਨ ਬੁੱਧ ਸੀ। ਇਸ ਕਰਕੇ ਛੇਤੀ ਹੀ ਉਹਦੀ ਗੱਲ ਵਿਦਿਆਰਥੀਆਂ ਵੱਲੋਂ ਤੇ ਦੂਜੇ ਆਗੂਆਂ ਵੱਲੋਂ ਸੁਣੀ ਜਾਣ ਲੱਗੀ। ਦੂਜੇ ਪਾਸੇ ਬਹੁਤੇ ਬੰਗਾਲੀ ਵਿਦਿਆਰਥੀ ਅਹਿੰਸਾ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਉਹਨਾਂ ਦਾ ਖ਼ਿਆਲ ਸੀ ਕਿ ਉਹ ਬੜੀਆਂ ਤਕਲੀਫ਼ਾਂ ਝਾਗ ਕੇ ਏਥੇ ਪੜ੍ਹਨ ਆਏ ਹਨ, ਇਸ ਲਈ ਉਹਨਾਂ ਨੂੰ ਪੂਰੀ ਤਰ੍ਹਾਂ ਇਕਾਗਰ-ਚਿੱਤ ਹੋ ਕੇ ਪੜ੍ਹਾਈ ਕਰਨੀ ਚਾਹੀਦੀ ਹੈ ਤੇ ਦੇਸ਼ ਪਰਤ ਕੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਪਰ ਨਾਲ ਹੀ ਉਹ ਇਹ ਵੀ ਕਹਿੰਦੇ ਸਨ ਕਿ ਜਿੱਥੋਂ ਤੱਕ ਸੰਭਵ ਹੋ ਸਕਦਾ ਹੋਵੇ, ਉਹਨਾਂ ਨੂੰ ਭਾਰਤ ਦੀ ਆਜ਼ਾਦੀ ਲਈ ਵੀ ਕੁਝ ਕਰਨਾ ਚਾਹੀਦਾ ਹੈ।

ਇਨਕਲਾਬੀ ਵਿਚਾਰਾਂ ਦੇ ਵਿਦਿਆਰਥੀ, ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ ਛੇਤੀ ਹੀ ਆਗੂ ਹੈਸੀਅਤ ਅਖ਼ਤਿਆਰ ਕਰ ਗਿਆ ਸੀ, ਫ਼ਰਾਂਸ, ਚੀਨ, ਰੂਸ ਤੇ ਇਟਲੀ ਵਿਚ ਹੋਏ ਜਾਂ ਹੋਰ ਰਹੇ ਇਨਕਲਾਬੀ ਯਤਨਾਂ ਬਾਰੇ ਪੜ੍ਹਦੇ ਤੇ ਵਿਚਾਰ-ਵਟਾਂਦਰਾ ਕਰਦੇ। ਸਰਾਭਾ ਜਾਣਦਾ ਸੀ ਕਿ ਬਿਨਾ ਇਨਕਲਾਬੀ ਗਿਆਨ ਤੋਂ, ਕੇਵਲ ਵਕਤੀ ਤੌਰ 'ਤੇ ਉਠੇ ਜਜ਼ਬਾਤੀ ਉਬਾਲ ਨਾਲ ਹੀ, ਦੇਸ਼ ਲਈ ਲੜਨਾ ਤੇ ਆਜ਼ਾਦ ਕਰਾ ਸਕਣਾ ਸਹਿਲ ਕਾਰਜ ਨਹੀਂ। ਉਸਨੇ ਮਹਾਨ ਇਨਕਲਾਬੀਆਂ_ਮੈਜ਼ਿਨੀ, ਰੂਸੋ, ਸਨਯੁਤ ਸੈਨ, ਪਰਿੰਸ ਕਰੌਪਟਕਿਨ, ਗੁਰੂ ਗੋਬਿੰਦ ਸਿੰਘ ਤੇ ਸਾਵਰਕਰ ਦੀਆਂ ਜੀਵਨੀਆਂ ਤੇ ਲਿਖਤਾ ਵੀ ਪੜ੍ਹੀਆਂ।

ਲਾਲਾ ਹਰਦਿਆਲ ਨੇ ਹੋਸਟਲ ਦੇ ਵਿਦਿਆਰਥੀਆਂ ਨੂੰ ਇਕੱਠੇ ਕਰ ਉਹਨਾਂ ਦੇ ਮਤਭੇਦ ਦੂਰ ਕਰਾਉਣ ਲਈ ਇਕ ਮੀਟਿੰਗ ਕਰਨ ਦੀ ਸਲਾਹ ਦਿੱਤੀ। ਦਸੰਬਰ 1912 ਦੇ ਆਖ਼ਰੀ ਹਫ਼ਤੇ ਦੀ ਗੱਲ ਹੈ। ਲਾਲਾ ਹਰਦਿਆਲ ਹੋਸਟਲ ਵਿਚ ਆਏ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੰਗਰੇਜ਼ੀ ਸਾਮਰਾਜ ਸਾਡਾ ਸਭ ਤੋਂ ਵੱਡਾ ਦੁਸ਼ਮਣ ਹੈ, ਇਸ ਲਈ ਸਾਨੂੰ ਆਪਣੇ ਜ਼ਿੰਮੇ ਲੱਗਾ ਇਤਿਹਾਸਕ ਫ਼ਰਜ਼ ਅਦਾ ਕਰਦਿਆਂ ਬਰਤਾਨਵੀ ਹਕੂਮਤ ਦੀਆਂ ਜੜ੍ਹਾਂ ਨੂੰ ਭਾਰਤ ਵਿਚੋਂ ਪੁੱਟ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਇਸਤੋਂ ਵਧ ਕੇ ਨਾ ਕੋਈ ਪੜ੍ਹਾਈ ਹੋ ਸਕਦੀ ਹੈ ਤੇ ਨਾ ਕੋਈ ਜ਼ਿੰਦਗੀ ਦੀ ਹੋਰ ਪ੍ਰਾਪਤੀ ਹੋ ਸਕਦੀ ਹੈ। ਦੱਖਣ ਭਾਰਤ ਦੇ ਇਕ ਵਿਦਿਆਰਥੀ ਤੇ ਪਿੱਛੋਂ ਗ਼ਦਰ ਪਾਰਟੀ ਦੇ ਕਾਰਕੁਨ ਬਣੇ ਡੀ ਚੈਂਚਈਆ ਉਸ ਮੀਟਿੰਗ ਵਿਚ ਹਾਜ਼ਰ ਸਨ। ਉਹ ਲਿਖਦੇ ਹਨ ਕਿ ਲਾਲਾ ਹਰਦਿਆਲ ਨੇ ਆਪਣੇ ਪ੍ਰਭਾਵਸ਼ਾਲੀ ਤੇ ਭਾਵਪੂਰਤ ਭਾਸ਼ਣ ਦਾ ਤੋੜਾ ਝਾੜਦਿਆਂ ਅੰਤ ਵਿਚ ਕਿਹਾ, "ਆਪਣੇ ਆਪ ਨੂੰ ਮਹਾਨ ਦੇਸ਼-ਭਗਤ ਤੇ ਨਿਡਰ ਲੜਾਕੂ ਵਾਂਗ ਤਿਆਰ ਕਰੋ। ਤੁਹਾਡੇ ਰਸਤੇ ਵਿਚ ਮੁਸ਼ਕਿਲਾਂ ਆਉਣਗੀਆਂ । ਤੁਸੀਂ ਆਪਣੇ ਇਸ ਕ੍ਰਾਂਤੀਕਾਰੀ ਕਾਰਜ ਲਈ ਮਰ ਵੀ ਸਕਦੇ ਹੋ। ਡਾਕਟਰ, ਕਲੈਕਟਰ, ਇੰਜੀਨੀਅਰ ਜਾਂ ਬੈਰਿਸਟਰ ਤਾਂ ਕੋਈ ਵੀ ਬਣ ਸਕਦਾ ਹੈ, ਪ੍ਰੰਤੂ ਅੱਜ ਭਾਰਤ ਨੂੰ ਆਜ਼ਾਦੀ ਲਈ ਬਹਾਦਰ

ਯੋਧਿਆਂ ਦੀ ਲੋੜ ਹੈ। ਬਰਤਾਨਵੀ ਹਕੂਮਤ ਦੇ ਗੁਲਾਮ ਬਣੇ ਰਹਿਣ ਨਾਲੋਂ ਤਾਂ ਆਜ਼ਾਦੀ ਖ਼ਾਤਰ ਆਈ ਮੌਤ ਸੌ ਦਰਜੇ ਚੰਗੀ ਹੈ।"

ਲੈਕਚਰ ਤੋਂ ਬਾਅਦ ਬੰਗਾਲੀ ਵਿਦਿਆਰਥੀ ਜੇ ਐਨ ਲਹਿਰੀ ਨੇ ਲਾਲਾ ਜੀ ਨਾਲ ਸਵਾਲ-ਜਵਾਬ ਵੀ ਕੀਤੇ ਜੋ ਇਸ ਗੱਲ ਦਾ ਸਬੂਤ ਸੀ ਕਿ ਵਿਦਿਆਰਥੀ ਅੰਨ੍ਹੇ-ਵਾਹ ਕਿਸੇ ਦੇ ਮਗਰ ਲੱਗਣ ਨਾਲੋਂ ਵਿਚਾਰਾਂ ਨੂੰ ਰਿੜਕ ਕੇ ਕਿਸੇ ਨਿਰਣੈ 'ਤੇ ਅੱਪੜਦੇ ਸਨ। ਵਿਚਾਰਾਂ ਦੇ ਮੰਥਨ ਵਿਚੋਂ ਕਰਤਾਰ ਸਿੰਘ ਸਰਾਭਾ ਦਾ ਇਹ ਪੱਕਾ ਮੱਤ ਬਣ ਗਿਆ ਕਿ ਦੇਸ਼ ਨੂੰ ਹਥਿਆਰਬੰਦ ਇਨਕਲਾਬ ਰਾਹੀਂ ਆਜ਼ਾਦ ਕਰਾਉਣ ਤੋਂ ਇਲਾਵਾ ਹੋਰ ਕੋਈ ਢੁਕਵਾਂ ਰਾਹ ਨਹੀਂ। ਉਸਨੂੰ ਵੀ ਹੋਰਨਾਂ ਹਿੰਦੀਆਂ ਵਾਂਗ ਗੁਲਾਮੀ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਸਤਾਉਣ ਲੱਗਾ। ਗੁਲਾਮ ਦੇਸ਼ ਦੇ ਸ਼ਹਿਰੀ ਹੋਣ ਦੀ ਹੈਸੀਅਤ ਵਿਚ ਜੋ ਜ਼ਲਾਲਤ ਸਾਰੇ ਭਾਰਤਵਾਸੀਆਂ ਨੂੰ ਓਥੇ ਸਹਿਣੀ ਪੈ ਰਹੀ ਸੀ, ਉਸ ਜ਼ਲਾਲਤ ਦਾ ਸਾਹਮਣਾ ਹਰ ਰੋਜ਼ ਸਰਾਭੇ ਨੂੰ ਵੀ ਕਰਨਾ ਪੈਂਦਾ ਸੀ। ਉਹਨੂੰ ਬੜੀ ਸ਼ਿਦਤ ਨਾਲ ਮਹਿਸੂਸ ਹੋ ਰਿਹਾ ਸੀ ਕਿ 'ਕਾਲੇ ਕੁਲੀ', 'ਗੁਲਾਮ ਭੇਡਾਂ', 'ਭਾਰਤੀ ਕੁੱਤੇ', 'ਨਖਿੱਧ ਹਿੰਦੂ' ਤੇ 'ਡੈਮ-ਫੂਲ' ਜਿਹੇ ਸੰਬੋਧਨੀ ਲਕਬ ਸੁਣਨ ਤੇ ਸਹਿਣ ਨਾਲੋਂ ਜਾਂ ਤਾਂ ਕਿਸੇ ਵੀ ਕਿਸੇ ਵੀ ਸੂਰਤ ਵਿਚ ਦੇਸ਼ ਨੂੰ ਆਜ਼ਾਦ ਕਰਾ ਕੇ ਆਪਣੀ ਗੌਰਵਮਈ ਇਨਸਾਨੀ ਹੋਂਦ ਨੂੰ ਬਰਕਰਾਰ ਰੱਖਿਆ ਜਾਵੇ ਤੇ ਜਾਂ ਆਜ਼ਾਦੀ ਪ੍ਰਾਪਤ ਕਰਨ ਲਈ ਵਿੱਢੇ ਸੰਘਰਸ਼ ਵਿਚ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਜਾਵੇ। ਉਸਦੀ ਇਸ ਮਾਨਸਿਕਤਾ ਦਾ ਪ੍ਰਗਟਾਵਾ ਭਾਈ ਪਰਮਾਨੰਦ ਨੇ ਆਪਣੀ ਆਪ-ਬੀਤੀ ਵਿਚ ਕੁਝ ਇਸ ਪ੍ਰਕਾਰ ਕੀਤਾ ਹੈ। ਉਹ ਲਿਖਦੇ ਹਨ ਕਿ 'ਮੈਂ ਕਰਤਾਰ ਸਿੰਘ ਸਰਾਭੇ ਨੂੰ ਪੁੱਛਿਆ ਕਿ ਉਸਨੇ ਦੇਸ਼ ਆ ਕੇ ਕੀ ਖੱਟਿਆ? ਅਮਰੀਕਾ ਵਿਚ ਉਹ ਆਰਾਮ ਅਤੇ ਖੁਸ਼ੀ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ ਪਰ ਹੁਣ ਜੇਲ੍ਹ ਵਿਚ ਸੜ ਰਿਹਾ ਸੀ। ਸ੍ਰੀ ਕਰਤਾਰ ਸਿੰਘ ਸਰਾਭਾ ਨੇ ਇਕਦਮ ਜਵਾਬ ਦਿੱਤਾ ਕਿ ਅਮਰੀਕਾ ਵਿਚ ਵੀ ਉਸ ਲਈ ਜ਼ਿੰਦਗੀ ਬੋਝਲ ਸੀ ਅਤੇ ਜਦੋਂ ਅਮਰੀਕਨ ਕੁਬਚਨ ਬੋਲਿਆ ਕਰਦੇ ਸਨ ਤਾਂ ਉਸਦਾ ਦਿਲ ਸੜ ਜਾਂਦਾ ਸੀ। ਮੈਂ ਅਸਲ ਵਿਚ ਮਰ ਜਾਣਾ ਚਾਹੁੰਦਾ ਸਾਂ ਤੇ ਏਥੇ ਮਰਨ ਆਇਆ ਹਾਂ।"

ਸਰਾਭੇ ਦੇ ਇਹ ਵਿਚਾਰ ਉਸ ਵੇਲੇ ਦੇ ਸਾਰੇ ਅਮਰੀਕਨ ਭਾਰਤਵਾਸੀਆਂ ਦੀ ਮਾਨਸਿਕ ਸਥਿਤੀ ਨੂੰ ਪ੍ਰਗਟਾਉਂਦੇ ਹਨ। ਅਮਰੀਕਾ ਵਿਚ ਗੁਲਾਮ ਦੀ ਹੀਣੀ ਤੇ ਨਮੋਸ਼ੀ ਵਾਲੀ ਹਾਲਤ ਦਾ ਸਾਹਮਣਾ ਕਰਤਾਰ ਸਿੰਘ ਸਰਾਭੇ ਵਾਂਗ ਸਾਰੇ ਭਾਰਤੀ ਕਰ ਰਹੇ ਸਨ। ਇਸ ਮਾਨਸਿਕ ਸਥਿਤੀ 'ਚੋਂ ਬਾਹਰ ਨਿਕਲਣ ਲਈ ਜ਼ਰੂਰੀ ਸੀ ਕਿ ਇਕਮੁਠ ਹੋ ਕੇ ਦੇਸ਼ ਆਜ਼ਾਦ ਕਰਾਇਆ ਜਾਵੇ। ਵੱਖ ਵੱਖ ਥਾਵਾਂ 'ਤੇ ਰਹਿੰਦੇ ਭਾਰਤੀ ਗੋਰੇ ਨਸਲਵਾਦੀ ਮਜ਼ਦੂਰਾਂ ਦਾ ਮੁਕਾਬਲਾ ਕਰਨ ਲਈ ਇਕੱਠੇ ਹੋ ਰਹੇ ਸਨ। ਇਸ ਇਕੱਠ ਵਿਚੋਂ ਪੈਦਾ ਹੋਈ ਸਾਂਝੀ ਸੋਚ ਨੇ ਉਹਨਾਂ ਨੂੰ ਜਾਤ ਤੇ ਮਜ਼੍ਹਬ ਦੀ ਵਲਗਣ ਉਲੰਘ ਕੇ ਭਾਰਤੀ ਦੀ ਪਛਾਣ ਦਿੱਤੀ। ਏਸੇ ਪਛਾਣ ਵਿਚੋਂ ਉਹਨਾਂ ਨੇ ਗੁਲਾਮੀ ਤੋਂ ਮੁਕਤ ਹੋਣ ਲਈ ਸਿਰ ਜੋੜ ਕੇ ਸੋਚਣਾ-ਵਿਚਾਰਨਾ ਸ਼ੁਰੂ ਕਰ ਦਿੱਤਾ। ਵੱਖ ਵੱਖ ਸ਼ਹਿਰਾਂ ਵਿਚ ਜਥੇਬੰਦੀਆਂ ਬਣਨ ਲੱਗੀਆਂ। ਕਰਤਾਰ ਸਿੰਘ ਸਰਾਭਾ ਇਹਨਾਂ ਰਾਜਨੀਤਕ ਸਰਗਰਮੀਆਂ ਨਾਲ ਨੇੜੇ ਤੋਂ ਜੁੜਿਆ ਹੋਇਆ ਸੀ। ਜਦੋਂ 21 ਅਪ੍ਰੈਲ 1913 ਨੂੰ ਵੱਖ ਵੱਖ ਥਾਵਾਂ ਦੀਆਂ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਅਸਟੋਰੀਆ ਵਿਚ ਇਕੱਠੇ ਹੋ ਕੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ

ਕੋਸਟ' ਨਾਂ ਦੀ ਜਤੇਬੰਦੀ ਬਣਾਈ ਤਾਂ ਉਸ ਵੇਲੇ ਕਰਤਾਰ ਸਿੰਘ ਸਰਾਭਾ ਵੀ ਅੁਸ ਮੀਟਿੰਗ ਵਿਚ ਹਾਜ਼ਰ ਸੀ। ਅੁਹ ਆਪਣੇ ਹੀ ਪਿੰਡ ਦੇ ਉਮਰੋਂ ਵੱਡੇ ਸਾਥੀ ਭਾਈ ਰੁਲੀਆ ਸਿੰਘ ਕੋਲ ਆਇਆ ਹੋਇਆ ਸੀ ਤਾਕਿ ਖੇਤਾਂ ਵਿਚ ਕੰਮ ਕਰਕੇ ਕੁਝ ਪੈਸੇ ਕਮਾ ਲਵੇ। ਜਦੋਂ ਪਾਰਟੀ ਬਣਨ ਦਾ ਐਲਾਨ ਹੋਇਆ ਤਾਂ ਕਰਤਾਰ ਸਿੰਘ ਨੇ ਆਪਣੇ ਆਪ ਨੂੰ ਦੇਸ਼ ਅਤੇ ਪਾਰਟੀ ਲਈ ਸਮਰਪਤ ਕਰ ਦੇਣ ਦਾ ਅਜ਼ਮ ਲੈ ਲਿਆ। ਉਸਨੇ ਪੱਕੇ ਤੌਰ 'ਤੇ ਆਪਣਾ ਨਾਤਾ ਗ਼ਦਰ ਪਾਰਟੀ ਨਾਲ ਜੋੜ ਲਿਆ। ਮੌਤ ਤੋਂ ਭੈੜਾ ਗੁਲਾਮੀ ਦਾ ਜੀਵਨ ਜਿਊਣ ਨਾਲੋਂ ਉਸਨੇ ਗੁਲਾਮੀ ਤੋਂ ਮੁਕਤੀ ਪਾਉਣ ਲਈ ਸੰਘਰਸ਼ ਕਰਕੇ, ਮੌਕਾ ਆਉਣ 'ਤੇ ਮੌਤ ਨੂੰ ਵੀ ਵਰਨ ਤੇ ਚਿਰ-ਕਾਲ ਤੱਕ ਜਿਊਣ ਦਾ ਨਿਰਣਾ ਕਰ ਲਿਆ।

ਅੰਗਰੇਜ਼ ਸਾਮਰਾਜ ਦੇ ਮੱਥੇ ਵਿਚ ਡੰਗ ਮਾਰਨ ਦੀ ਤਿੱਖੀ ਤਾਂਘ ਨੇ ਹੀ ਉਸਨੂੰ ਹਵਾਈ ਜਹਾਜ਼ ਉਡਾਉਣ ਦੀ ਸਿੱਖਿਆ ਲੈਣ ਲਈ ਵੀ ਉਤਸ਼ਾਹਤ ਕੀਤਾ। ਉਸ ਅੰਦਰ ਅਜਿਹੀ ਸਮਰੱਥਾ ਨੂੰ ਮਹਿਸੂਸ ਕਰਦਿਆਂ ਹੀ ਉਹਦੇ ਸੀਨੀਅਰ ਸਾਥੀਆਂ ਨੇ ਉਸਨੂੰ 'ਫੌਜੀ ਸਿਖਲਾਈ ਲੈਣ ਤੇ ਹਵਾਈ ਜਹਾਜ਼ ਚਲਾਉਣ ਦੀ ਟਰੇਨਿੰਗ ਲੈਣ ਲਈ ਚੁਣਿਆਂ ਸੀ। ਬਾਬਾ ਭਕਨਾ ਦੀ ਲਿਖਤ ਇਸ ਵੱਲ ਕੁਝ ਇਸ ਪ੍ਰਕਾਰ ਸੰਕੇਤ ਕਰਦੀ ਹੈ, 'ਲਾਲਾ ਹਰਦਿਆਲ ਦੇ ਚਲੇ ਜਾਣ ਤੋਂ ਪਿਛੋਂ ਮੈਂ ਬਹੁਤਾ ਵਕਤ ਆਸ਼ਰਮ ਨੂੰ ਹੀ ਦੇਣ ਲੱਗ ਪਿਆ। ਕਮਿਸ਼ਨ ਨੇ ਅਮਲੀ ਤਿਆਰੀ ਵੱਲ ਧਿਆਨ ਦਿੱਤਾ ਤੇ ਆਉਣ ਵਾਲੇ ਸਮੇਂ ਵਿਚ ਹਵਾਈ ਤਾਕਤ ਦੀ ਮਹਾਨਤਾ ਨੂੰ ਮਹਿਸੂਸ ਕੀਤਾ। ਨਾਲ ਹੀ ਫੌਜੀ ਸਿਖਲਾਈ ਦਾ ਪ੍ਰੋਗਰਾਮ ਬਣਾਇਆ। ਦੋ ਜਰਨੈਲ, ਕਰਤਾਰ ਸਿੰਘ ਸਰਾਭਾ ਤੇ ਮਾਸਟਰ ਊਧਮ ਸਿੰਘ ਕਸੇਲ ਚੁਣੇ ਗਏ। ਕਰਤਾਰ ਸਿੰਘ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲਈ ਇਕ ਜਰਮਨ ਕੰਪਨੀ ਕੋਲ ਸਾਨਫ੍ਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ।'

ਸਰਾਭੇ ਵੱਲੋਂ ਜਹਾਜ਼ ਉਡਾਉਣ ਤੇ ਉਸਨੂੰ ਮੁਰੰਮਤ ਕਰਨ ਦੀ ਸਿਖਲਾਈ ਪ੍ਰਾਪਤ ਕਰਨਾ ਇਸ ਗੱਲ ਦਾ ਸੂਚਕ ਹੈ ਕਿ ਉਹ ਵਕਤ ਆਉਣ ਅਤੇ ਲੋੜ ਪੈਣ 'ਤੇ ਗ਼ਦਰ ਕਰਨ ਦੀ ਮੁਹਿੰਮ ਵਿਚ ਆਪਣੀ ਇਸ ਯੋਗਤਾ ਦਾ ਲਾਭ ਉਠਾ ਸਕਦਾ ਸੀ। ਨਾਲ ਹੀ ਇਹ ਤੱਥ ਉਸਦੀ ਤਕਨੀਕੀ ਤੇ ਵਿਗਿਆਨਕ ਸੋਝੀ ਵੱਲ ਵੀ ਸੰਕੇਤ ਕਰਦਾ ਹੈ। ਮੇਰੀ ਜਾਣਕਾਰੀ ਤੇ ਅਨੁਮਾਨ ਅਨੁਸਾਰ ਤਾਂ ਉਹ ਪਹਿਲਾ ਭਾਰਤੀ ਹੈ ਜਿਸਨੇ ਸਭ ਤੋਂ ਪਹਿਲਾਂ ਹਵਾਈ ਜਹਾਜ਼ ਉਡਾਉਣਾ ਸਿੱਖਿਆ ਹੋਊ।

'ਹਿੰਦੀ ਐਸੋਸੀਏਸ਼ਨ', ਜੋ ਪਿੱਛੋਂ ਜਾ ਕੇ 'ਗ਼ਦਰ' ਅਖ਼ਬਾਰ ਦੀ ਲੋਕ-ਪ੍ਰਿਅਤਾ ਕਰਕੇ 'ਗ਼ਦਰ ਪਾਰਟੀ' ਦੇ ਨਾਂ ਨਾਲ ਜਾਣੀ ਜਾਣ ਲੱਗੀ ਸੀ, ਨੇ ਪਹਿਲੇ ਦਿਨ ਹੀ ਕੀਤੇ ਫ਼ੈਸਲਿਆਂ ਵਿਚ ਇਕ ਫ਼ੈਸਲਾ ਇਹ ਕੀਤਾ ਕਿ ਪਾਰਟੀ ਦਾ ਹੈਡਕਵਾਟਰ ਸਾਨਫ਼ਰਾਂਸਿਸਕੋ ਵਿਚ ਕਾਇਮ ਕਰ ਕੇ 'ਗ਼ਦਰ' ਅਖ਼ਬਾਰ ਕੱਢਣ ਦੀ ਸ਼ੁਰੂਆਤ ਕਰ ਦਿੱਤੀ ਜਾਵੇ। ਪਰ ਜਦੋਂ ਕਈ ਮਹੀਨੇ ਅਖ਼ਬਾਰ ਨਾ ਨਿਕਲਿਆ ਤਾਂ ਲਾਲਾ ਹਰਦਿਆਲ ਵੱਲੋਂ ਵੱਟੀ ਚੁੱਪ ਦਾ ਕਾਰਨ ਪੁੱਛਣ ਲਈ ਪਾਰਟੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੇ ਪੁੱਛਿਆ ਤਾਂ ਲਾਲਾ ਹਰਦਿਆਲ ਨੇ ਆਪਣੀ ਬੀਮਾਰੀ ਦਾ ਬਹਾਨਾ ਲਾ ਕੇ ਅਖ਼ਬਾਰ ਕੱਢਣ ਤੋਂ ਅਸਮਰੱਥਾ ਪ੍ਰਗਟਾਈ ਤੇ ਇਹ ਸੁਝਾਅ ਵੀ ਦਿੱਤਾ ਕਿ ਉਹਨਾਂ ਦੀ

ਥਾਂ ਇਹ ਕੰਮ ਕਰਨ ਲਈ ਸਰਦਾਰ ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ) ਨੂੰ ਅਮਰੀਕਾ ਬੁਲਾ ਲਿਆ ਜਾਵੇ। ਲਾਲਾ ਜੀ ਨੂੰ ਸਰਾਭਾ ਨੇੜੇ ਤੋਂ ਜਾਣਦਾ ਸੀ, ਇਸ ਲਈ ਉਹ ਲਾਲਾ ਜੀ ਕੋਲ ਗਿਆ ਤੇ ਅਖ਼ਬਾਰ ਕੱਢਣ ਦੀ ਜ਼ਰੂਰੀ ਲੋੜ ਪੂਰੀ ਕਰਨ ਲਈ ਲਾਲਾ ਜੀ ਨੂੰ ਪ੍ਰੇਰਿਤ ਕੀਤਾ। ਨਿਸਚੈ ਹੀ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਸ਼ੁਰੂ ਕਰਨ ਵਿਚ ਵਿਚ ਕਰਤਾਰ ਸਿੰਘ ਸਰਾਭਾ ਦੀ ਪਹਿਲਕਦਮੀ ਦਾ ਮੁੱਖ ਯੋਗਦਾਨ ਸੀ। ਇਸ ਤੱਥ ਦੀ ਪੁਸ਼ਟੀ ਕਰਦਿਆਂ ਸਚਿੰਦਰ ਨਾਥ ਸਾਨਿਆਲ ਕਹਿੰਦਾ ਹੈ ਕਿ ਸਰਾਭਾ ਅਤੇ ਉਹਦੇ ਇਕ ਦੋ ਸਾਥੀ ਹੀ ਸਭ ਤੋਂ ਪਹਿਲਾਂ ਜਾ ਕੇ ਲਾਲਾ ਹਰਦਿਆਲ ਕੋਲ 'ਅਜਿਹਾ ਪੱਤਰ ਪ੍ਰਕਾਸ਼ਤ ਕਰਨ ਦਾ ਪ੍ਰਸਤਾਵ ਲੈ ਕੇ ਹਾਜ਼ਰ ਹੋਏ। ਹਰਦਿਆਲ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿਚ ਸਨ। ਉਨ੍ਹਾਂ ਖ਼ੁਸ਼ੀ ਖ਼ੁਸ਼ੀ ਇਸ ਕੰਮ ਨੂੰ ਹੱਥ ਵਿਚ ਲੈ ਲਿਆ। ਇਸਤਰ੍ਹਾਂ 'ਗ਼ਦਰ' ਨਾਮ ਦੇ ਅਖ਼ਬਾਰ ਦਾ ਪ੍ਰਕਾਸ਼ਨ ਸ਼ੁਰੂ ਹੋ ਗਿਆ ਅਤੇ ਹੌਲੀ ਹੌਲੀ ਏਸੇ ਨੇ ਗ਼ਦਰ ਪਾਰਟੀ ਦਾ ਸੰਗਠਨ ਕਰ ਦਿੱਤਾ।'

ਇਹ ਹਵਾਲਾ ਦੱਸਦਾ ਹੈ ਕਿ ਸ਼ਾਇਦ ਪਾਰਟੀ ਬਣਨ ਤੋਂ ਵੀ ਪਹਿਲਾਂ ਸਰਾਭੇ ਤੇ ਉਹਦੇ ਸਾਥੀਆਂ ਨੇ ਅਖ਼ਬਾਰ ਕੱਢਣ ਦੇ ਮਹੱਤਵ ਨੂੰ ਪਛਾਣ ਲਿਆ ਸੀ। ਪਰ ਜਦੋਂ ਜ਼ਿੰਮੇਵਾਰੀ ਲੈ ਕੇ ਵੀ ਲਾਲਾ ਜੀ ਅਖ਼ਬਾਰ ਕੱਢਣੋਂ ਟਾਲਾ ਵੱਟਣ ਲੱਗੇ ਤਾਂ ਇਹ ਵੀ ਕਰਤਾਰ ਸਿੰਘ ਸਰਾਭਾ ਹੀ ਸੀ ਜਿਸਨੇ ਲਾਲਾ ਜੀ ਨੂੰ ਅਖ਼ਬਾਰ ਦਾ ਕੰਮ ਕਿਸੇ ਹੋਰ ਦੇ ਮੋਢਿਆਂ 'ਤੇ ਸੁੱਟਣ ਦੀ ਥਾਂ ਆਪ ਇਸ ਕਾਰਜ ਲਈ ਤਿਆਰ ਹੋਣ ਦਾ ਵਾਸਤਾ ਪਾਇਆ ਅਤੇ ਇਹ ਵੀ ਕਿਹਾ ਕਿ ਲਾਲਾ ਜੀ ਜਿਸ ਦਿਨ ਵੀ ਅਖ਼ਬਾਰ ਦਾ ਕੰਮ ਸ਼ੁਰੂ ਕਰਨਗੇ, ਉਹ ਯੂਨੀਵਰਸਿਟੀ ਦਾ ਹੋਸਟਲ ਛੱਡ ਕੇ ਉਹਨਾਂ ਨਾਲ ਹੈਡਕਵਾਟਰ 'ਤੇ ਆ ਕੇ ਅਖ਼ਬਾਰ ਛਾਪਣ ਲਈ ਪਹਿਲਾ ਸਹਾਇਕ ਬਣ ਕੇ, ਪਾਰਟੀ ਲਈ ਸਰਗਰਮ ਸੇਵਾ ਨਿਭਾਉਣ ਲਈ ਹਾਜ਼ਰ ਹੋ ਜਾਵੇਗਾ। ਪਾਰਟੀ ਦੀ ਵੀ ਇਹੋ ਮਨਸ਼ਾ ਅਤੇ ਜ਼ੋਰ ਸੀ ਕਿ ਅਖ਼ਬਾਰ ਕੱਢਣ ਦੀ ਜ਼ਿੰਮੇਵਾਰੀ ਲਾਲਾ ਜੀ ਨੂੰ ਹੀ ਓਟਣੀ ਚਾਹੀਦੀ ਹੈ। ਆਖ਼ਰਕਾਰ ਲਾਲਾ ਜੀ ਨੇ ਅਖ਼ਬਾਰ ਕੱਢਣ ਦੀ ਡਿਊਟੀ ਨਿਭਾਉਣ ਲਈ ਆਪਣੇ ਆਪ ਨੂੰ ਤਿਆਰ ਕਰ ਹੀ ਲਿਆਂ।

'ਗ਼ਦਰ ਪਾਰਟੀ ਲਹਿਰ' ਦੇ ਕਰਤਾ ਜਗਜੀਤ ਸਿੰਘ ਹੁਰਾਂ ਦਾ ਹਵਾਲਾ ਇਸ ਪਰਸੰਗ 'ਤੇ ਹੋਰ ਰੌਸ਼ਨੀ ਪਾਉਂਦਾ ਹੈ, ਜਿਸ ਵਿਚ ਉਹ ਕਰਤਾਰ ਸਿੰਘ ਦੀ ਅਥਾਹ ਜੋਸ਼ ਨਾਲ ਕੰਮ ਕਰਨ ਦੀ ਤਾਕਤ ਤੇ ਅਖ਼ਬਾਰ ਸ਼ੁਰੂ ਕਰਵਾਉਣ ਵਿਚ ਉਹਦੀ ਭੂਮਿਕਾ ਦਾ ਵੇਰਵਾ ਇਸ ਪ੍ਰਕਾਰ ਦਿੰਦੇ ਹਨ:

'ਸਰਾਭਾ, ਇਨਸਾਨੀ ਜਾਮੇ ਵਿਚ ਇਕ ਬਿਜਲੀ ਦੇ ਇੰਜਣ (ਮਅਨ ਧੇਨਅਮੋ) ਦੀ ਤਰ੍ਹਾਂ ਸਨ, ਜੋ ਆਪਣੇ ਬੇਹਿਸਾਬੇ ਜੋਸ਼ ਅਤੇ ਉਤਸ਼ਾਹ ਨਾਲ ਹਰ ਉਸ ਆਦਮੀ ਨੂੰ ਉਤਸ਼ਾਹ ਦੀ ਰੌਂਅ ਨਾਲ ਚਾਰਜ ਕਰਦੇ ਸਨ ਜਿਸਦਾ ਉਹਨਾਂ ਨਾਲ ਵਾਹ ਪੈਂਦਾ। ਜੇ ਸ੍ਰੀ ਸੋਹਨ ਸਿੰਘ ਭਕਨਾ ਦੀ ਗੱਲ ਸਹੀ ਮੰਨ ਲਈ ਜਾਏ ਕਿ ਲਾਲਾ ਹਰਦਿਆਲ ਅਖ਼ਬਾਰ ਦੀ ਜ਼ਿੰਮੇਵਾਰੀ ਨਿਭਾਉਣੋਂ ਢਿੱਲੇ ਪੈ ਗਏ ਸਨ ਤਾਂ ਇਹ ਵੱਡੀ ਗੱਲ ਨਹੀਂ ਕਿ ਪ੍ਰਬੰਧਕ ਕਮੇਟੀ ਦੇ ਜ਼ੋਰ ਪਾਉਣ ਅਤੇ 'ਸਰਾਭਾ' ਜੀ ਦੇ ਉਤਸ਼ਾਹ ਨੇ ਲਾਲਾ ਹਰਦਿਆਲ ਨੂੰ ਅਖ਼ਬਾਰ ਦੀ ਜ਼ਿੰਮੇਵਾਰੀ ਨਿਭਾਉਣ ਪੈਰਾਂ ਉਤੇ ਫਿਰ ਖੜਾ ਕੀਤਾ ਹੋਵੇ। ਸ੍ਰੀ ਹਰਨਾਮ ਸਿੰਘ ਟੁੰਡੀਲਾਟ, ਜੋ ਪਿੱਛੋਂ ਗ਼ਦਰ ਅਖ਼ਬਾਰ ਵਿਚ ਕੰਮ ਕਰਦੇ

ਰਹੇ, ਦੱਸਦੇ ਹਨ ਕਿ ਸ੍ਰੀ ਕਰਤਾਰ ਸਿੰਘ ਸਰਾਭਾ ਨੇ ਦੋ ਸੌ ਡਾਲਰ ਜੋ ਵਿਦਿਆ ਦੇ ਖ਼ਰਚਾਂ ਲਈ ਉਨ੍ਹਾਂ ਨੂੰ ਦੇਸੋਂ ਆਇਆ ਸੀ, ਲਾਲਾ ਹਰਦਿਆਲ ਦੇ ਹਵਾਲੇ ਕੀਤਾ, ਅਤੇ ਅਖ਼ਬਾਰ ਛਾਇਆ ਕਰਨ ਦਾ ਪ੍ਰਬੰਧ ਕਰਨ ਵਿਚ ਇਕਦਮ ਜੁੱਟ ਪਏ। ਪਹਿਲੇ ਕੇਸ ਦੇ ਫ਼ੈਸਲੇ ਵਿਚ ਵੀ ਇਹ ਦਰਜ ਹੈ ਕਿ ਸ੍ਰੀ ਕਰਤਾਰ ਸਿੰਘ ਸਰਾਭਾ ਦਾ 'ਗ਼ਦਰ' ਦਾ ਪਹਿਲਾ ਪਰਚਾ ਕੱਢਣ ਵਿਚ ਹੱਥ ਸੀ।'

ਸਚਿੰਦਰ ਨਾਥ ਸਾਨਿਆਲ, ਬਾਬਾ ਸੋਹਨ ਸਿੰਘ ਭਕਨਾ ਦੇ ਕਥਨਾਂ ਤੇ ਸਾਜਿਸ਼ ਕੇਸ ਦੇ ਫ਼ੈਸਲੇ ਵਿਚ 'ਗ਼ਦਰ' ਅਖ਼ਬਾਰ ਕੱਢਣ ਲਈ ਕਰਤਾਰ ਸਿੰਘ ਸਰਾਭਾ ਦੀ ਪਹਿਲਕਦਮੀ ਤੇ ਪ੍ਰੇਰਨਾ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਇਸ ਵਿਚ ਵੀ ਸ਼ੱਕ ਨਹੀਂ ਕਿ ਅਖ਼ਬਾਰ ਕੱਢਣ ਲਈ ਪਹਿਲੇ ਸਹਾਇਕ ਵਜੋਂ ਕਰਤਾਰ ਸਿੰਘ ਸਰਾਭਾ ਹੀ ਯੁਗਾਂਤਰ ਆਸ਼ਰਮ ਵਿਚ ਪੁੱਜਾ।

ਛੋਟੀ ਉਮਰ ਵਿਚ ਹੀ ਉਹ ਆਪਣੇ ਅੰਦਰ ਬਹੁਪੱਖੀ ਵੱਡੀਆਂ ਸੰਭਾਵਨਾਵਾਂ ਲੁਕਾਈ ਬੈਠਾ ਸੀ ਜਿਨ੍ਹਾਂ ਦਾ ਪ੍ਰਗਟਾਵਾ ਸਮੇਂ ਸਮੇਂ ਲੋੜ ਪੈਣ ਤੇ ਕਰਦਾ ਰਿਹਾ। ਗ਼ਦਰ ਪਾਰਟੀ ਦੇ ਇਤਿਹਾਸ ਬਾਰੇ ਮੁਢਲੀ ਜਿਹੀ ਜਾਣਕਾਰੀ ਰੱਖਣ ਵਾਲੇ ਪਾਠਕ ਵੀ ਇਹ ਜਾਣਦੇ ਹਨ ਕਿ ਗ਼ਦਰ ਲਹਿਰ ਦੀ ਉਸਾਰੀ ਵਿਚ 'ਗ਼ਦਰ' ਅਖ਼ਬਾਰ ਦਾ ਬੜਾ ਭਾਰੀ ਰੋਲ ਸੀ। ਇਸ ਅਖ਼ਬਾਰ ਰਾਹੀਂ ਹੀ ਗ਼ਦਰ ਦਾ ਸੁਨੇਹਾ ਦੇਸ਼-ਵਿਦੇਸ਼ ਵਿਚ ਵੱਸਦੇ ਭਾਰਤੀਆਂ ਤੱਕ ਪਹੁੰਚਾ ਕੇ ਉਹਨਾਂ ਦੀ ਸੁੱਤੀ ਆਤਮਾ ਨੂੰ ਜਗਾਇਆ ਗਿਆ। ਇਸ ਅਖ਼ਬਾਰ ਨੇ ਹੀ ਉਹਨਾਂ ਅੰਦਰ ਆਜ਼ਾਦੀ ਦੇ ਮਹੱਤਵ ਅਤੇ ਦੇਸ਼ ਲਈ ਕੁਰਬਾਨ ਹੋ ਜਾਣ ਦੇ ਪ੍ਰਚੰਡ ਜਜ਼ਬੇ ਨੂੰ ਉਭਾਰਿਆ। ਫ਼ਲਸਰੂਪ ਉਹ ਨੀਂਦਰੇ ਝਾਗ ਕੇ ਤੇ ਕਰੜੀ ਮਿਹਨੰਤ ਨਾਲ ਬਣਾਈਆਂ ਆਪਣੀਆਂ ਜਾਇਦਾਦਾਂ ਤਿਆਗ ਕੇ ਗ਼ਦਰ ਕਰਨ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਤਾਂਘ ਲੈ ਕੇ, ਦੇਸ਼ ਵੱਲ ਧਾਈਆਂ ਕਰ ਕੇ ਆਣ ਪਹੁੰਚੇ। ਛੋਟੀ ਉਮਰ ਪਰ ਤੀਖ਼ਣ ਬੁੱਧੀ ਵਾਲੇ ਸਰਾਭੇ ਨੇ ਹੀ ਸਭ ਤੋਂ ਪਹਿਲਾਂ ਪ੍ਰੈਸ ਅਤੇ ਅਖ਼ਬਾਰ ਦੀ ਪ੍ਰਕਾਸ਼ਨਾ ਦੇ ਮਹੱਤਵ ਨੂੰ ਪਛਾਣਿਆਂ। ਉਹ ਜਾਣਦਾ ਸੀ ਕਿ ਅਖ਼ਬਾਰ ਉਹਨਾਂ ਦਾ ਸੁਨੇਹਾ ਦੂਰ ਦੁਰਾਡੇ ਵੱਸਦੇ ਭਾਰਤੀਆਂ ਤੱਕ ਅਪੜਾ ਸਕਦਾ ਹੈ ਅਤੇ ਦੇਸ਼ ਪਹੁੰਚ ਕੇ ਗ਼ਦਰ ਕਰਨ ਦੀ ਉਹਨਾਂ ਦੀ ਮੁਹਿੰਮ ਨੂੰ ਹੁਲਾਰਾ ਦੇਣ ਵਿਚ ਵੱਡਾ ਰੋਲ ਅਦਾ ਕਰ ਸਕਦਾ ਹੈ।

ਸੱਚੀ ਗੱਲ ਤਾਂ ਇਹ ਹੈ ਕਿ ਸਰਾਭਾ ਲਿਖਤੀ ਸ਼ਬਦ ਦੇ ਮਹੱਤਵ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ। ਇਸੇ ਲਈ ਭਾਰਤ ਪਹੁੰਚ ਕੇ ਵੀ ਪ੍ਰੈਸ ਲਾਕੇ ਇਨ੍ਕਲਾਬੀ ਸਾਹਿਤ ਛਾਪਣ ਦੀ ਯੋਜਨਾ ਉਹਦੇ ਏਜੰਡੇ ਉੱਤੇ ਸੀ ਪਰ ਸਮੇਂ ਤੋਂ ਪਹਿਲਾਂ ਜੰਗ ਲੱਗ ਜਾਣ ਕਰਕੇ ਗ਼ਦਰ ਕਰਨ ਦੀ ਕਾਹਲ ਪੈ ਗਈ ਤੇ ਦਿਨ-ਰਾਤ ਦੇ ਅਣਥੱਕ ਰੁਝੇਵਿਆਂ ਕਰਕੇ ਉਹ ਪ੍ਰੈਸ ਲਾਉਣ ਅਤੇ ਪਰਚਾ ਛਾਪਣ ਦਾ ਸੁਪਨਾ ਪੂਰਾ ਨਾ ਕਰ ਸਕਿਆ। ਭਾਰਤ ਆਣ ਕੇ ਯੁਗਾਂਤਰ ਆਸ਼ਰਮ ਵਰਗਾ ਅਦਾਰਾ ਕਾਇਮ ਕਰਨ ਤੇ ਅਖ਼ਬਾਰ ਸ਼ੁਰੂ ਕਰਨ ਦੇ ਉਹਦੇ ਯਤਨਾਂ ਦਾ ਖ਼ਾਕਾ ਬਲਵੰਤ (ਸ਼ਹੀਦ ਭਗਤ ਸਿੰਘ) ਨੇ ਕੁਝ ਇਸ ਪ੍ਰਕਾਰ ਖਿਚਿਆ ਹੈ, 'ਉਸਨੇ ਦੋ ਬੜੇ ਜ਼ਬਰਦਸਤ ਬਿਆਨ ਅਦਾਲਤ ਵਿਚ ਦਿਤੇ ਸਨ। ਉਹਨਾਂ ਵਿਚ ਉਸਨੇ ਸਭ ਕੁਛ ਬੜੀ ਬਹਾਦਰੀ ਅਤੇ ਦਲੇਰੀ ਨਾਲ ਮੰਨਿਆ ਸੀ। ਕਰਤਾਰ ਸਿੰਘ ਸੂਰਬੀਰ ਸੀ। ਤੇ ਉਹ ਕਾਇਰਾਂ ਦੀ ਮੌਤ ਮਰਨਾ ਨਹੀਂ ਜਾਣਦਾ ਸੀ। ਉਹ ਦਸਦਾ ਹੈ: "ਮੈਂ ਹਿੰਦੁਸਤਾਨ ਵਿਚ ਇਸ ਕੰਮ 'ਤੇ ਲਾਇਆ ਗਿਆ ਸਾਂ ਕਿ ਮੈਂ ਇਕ ਆਸ਼ਰਮ ਦੀ ਬੁਨਿਆਦ ਰਖਾਂ, ਜਿਸਦਾ ਮੰਤਵ ਯੁਗਾਂਤਰ ਆਸ਼ਰਮ ਵਾਲਾ ਹੀ ਹੋਵੇ ਅਤੇ ਜੇ ਲੋੜ

ਪਵੇ ਤਾਂ ਸਾਹਿਤ ਵੰਡ ਕੇ ਪ੍ਰਚਾਰ ਕੀਤਾ ਜਾਵੇ। ਮੈਂ ਕਪੂਰਥਲੇ ਗਿਆ ਸੀ ਅਤੇ ਮੇਰੇ ਨਾਲ ਪਿੰਗਲੇ, ਅਮਰ ਸਿੰਘ ਅਤੇ ਪਰਮਾਨੰਦ (ਦੂਜਾ) ਵੀ ਸਨ। ਓਥੇ ਰਾਮ ਸਰਨ ਦਾਸ ਨਾਲ ਗੱਲਬਾਤ ਹੋਈ ਸੀ ਅਤੇ ਉਸਨੂੰ ਆਖਿਆ ਗਿਆ ਸੀ ਕਿ ਉਹ ਅਖ਼ਬਾਰ ਦੀ ਸਕੀਮ ਵਿਚ ਹਿੱਸਾ ਲਵੇ ਅਤੇ ਕੁਛ ਸਹਾਇਤਾ ਕਰੇ। ਪਰ ਉਸ ਨੇ ਇਨਕਾਰ ਕਰ ਦਿੱਤਾ ਸੀ। ਮੈਂ, ਪਿੰਗਲੇ ਅਤੇ ਪਰਮਾਨੰਦ (ਦੂਜਾ) ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿਚ ਵੀ ਗਏ ਸਾਂ। ਓਥੇ ਸਾਡੇ ਜਾਣ ਦਾ ਭਾਵ ਇਹ ਸੀ ਕਿ ਅਖ਼ਬਾਰ ਕੱਢਣ ਤੇ ਵਿਚਾਰ ਕੀਤੀ ਜਾਵੇ। ਜਨਵਰੀ ਵਿਚ ਮੈਂ ਰਾਸ ਬਿਹਾਰੀ ਬੋਸ ਨੂੰ ਵੀ ਮਿਲਿਆ ਸੀ ਅਤੇ ਮੇਰਾ ਪਿੰਗਲੇ ਨੇ ਉਸ ਨਾਲ ਮੇਲ ਮਿਲਾਪ ਕਰਾਇਆ ਸੀ। ਉਸ ਨਾਲ ਮਿਲਣ ਦਾ ਕਾਰਨ ਇਹ ਸੀ ਕਿ ਅਸੀਂ ਇਕ ਅਖ਼ਬਾਰ ਬੰਗਾਲੀ ਬੋਲੀ ਵਿਚ ਵੀ ਕੱਢਣਾ ਚਾਹੁੰਦੇ ਸਾਂ।'

ਖ਼ੁਦ ਕਰਤਾਰ ਸਿੰਘ ਸਰਾਭੇ ਨੇ ਆਪਣੇ ਬਿਆਨ ਵਿਚ ਭਾਰਤ ਵਿਚ ਯੁਗਾਂਤਰ ਆਸ਼ਰਮ ਬਨਾਉਣ ਤੇ ਅਖ਼ਬਾਰ ਕੱਢਣ ਦੇ ਮਨਸ਼ੇ ਦਾ ਇਜ਼ਹਾਰ ਕੀਤਾ ਸੀ, 'ਮੈਂ ਪਿਛਲੇ ਸਤੰਬਰ ਵਿਚ ਵਾਪਸ ਆਇਆ ਸਾਂ ਕਿ ਇਸ ਮੁਲਕ ਵਿਚ ਵੀ ਅਮਰੀਕਾ ਜਿਹਾ ਯੁਗਾਂਤਰ ਆਸ਼ਰਮ ਕਾਇਮ ਕਰਾਂਗਾ। ਇਸ ਆਸ਼ਰਮ ਤੋਂ ਇਕ ਖੁਫ਼ੀਆ ਅਖ਼ਬਾਰ ਜਾਰੀ ਕੀਤਾ ਜਾਵੇ।'

ਇਹ ਵੱਖਰੀ ਗੱਲ ਹੈ ਕਿ ਉਸਦਾ ਅਖ਼ਬਾਰ ਕੱਢਣ ਦਾ ਸੁਪਨਾ ਪੂਰਾ ਨਾ ਹੋ ਸਕਿਆ ਪਰ ਗ਼ਦਰੀ ਸੂਰਬੀਰਾਂ ਤੋਂ ਪਰੇਰਨਾ ਲੈਣ ਵਾਲੇ ਬੱਬਰ ਅਕਾਲੀਆਂ ਤੇ ਸਾਂਝੀਵਾਲ ਪਾਰਟੀ ਵਾਲੇ ਭਾਈ ਸੰਤੋਖ ਸਿੰਘ ਕਿਰਤੀ ਹੁਰਾਂ ਨੇ ਆਪਣੀ ਪ੍ਰੈਸ, ਆਪਣੇ ਪਰਚੇ ਤੇ ਪੰਜਾਬੀ ਭਾਸ਼ਾ ਦੇ ਮਹੱਤਵ ਨੂੰ ਸਵੀਕਾਰਿਆ ਵੀ ਤੇ ਇਹਨਾਂ ਨੂੰ ਇਨਕਲਾਬੀ ਵਿਚਾਰਾਂ ਦੇ ਪ੍ਰਚਾਰ ਪਰਸਾਰ ਦਾ ਵਾਹਨ ਵੀ ਬਣਾਇਆ।

ਗ਼ਦਰ ਪਾਰਟੀ ਦਾ ਗਲੇ ਮਿਲਦੀਆਂ ਦੋ ਤਲਵਾਰਾਂ ਵਾਲਾ ਤਿੰਨ-ਰੰਗਾ ਝੰਡਾ ਵੀ ਕਰਤਾਰ ਸਿੰਘ ਸਰਾਭੇ ਦਾ ਹੀ ਡਿਜ਼ਾਈਨ ਕੀਤਾ ਹੋਇਆ ਸੀ। ਇਸਦੀ ਪੁਸ਼ਟੀ ਸਰਾਭੇ ਦੇ ਖ਼ਿਲਾਫ਼ ਮੁਕੱਦਮੇ ਵਿਚ ਭੁਗਤਣ ਵਾਲੇ ਸਰਕਾਰੀ ਵਕੀਲ ਮਿ ਪਿੱਟਮੈਨ ਨੇ ਵੀ ਕੀਤੀ ਹੈ। ਇਹ ਤੱਥ ਇਸ ਹਕੀਕਤ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਸਰਾਭਾ ਰੰਗਾਂ ਦੀ ਪਛਾਣ ਤੇ ਢੁਕਵੀਂ ਵਰਤੋਂ ਕਰਨ ਵਾਲਾ ਚਿਤਰਕਾਰ ਜਾਂ ਕਲਾਕਾਰ ਹੀ ਨਹੀਂ ਸੀ ਸਗੋਂ ਡੂੰਘੀ ਇਤਿਹਾਸਕ ਤੇ ਰਾਜਨੀਤਕ ਸਮਝ ਤੇ ਉੱਚੀ ਕਲਪਨਾ ਉਡਾਰੀ ਵਾਲਾ ਦੂਰਦਰਸ਼ੀ ਪ੍ਰਤਿਭਾਵਾਨ ਇਨਕਲਾਬੀ ਸੀ। ਵੱਖ ਵੱਖ ਲਿਖਤਾਂ ਵਿਚ ਖਿੰਡਰੇ ਹੋਏ ਇਤਿਹਾਸਕ ਹਵਾਲਿਆਂ ਵਿਚੋਂ ਉਹਦੀ ਬਹੁਮੁਖੀ ਪ੍ਰਤਿਭਾ ਦੇ ਸਾਨੂੰ ਅਨੇਕ ਝਲਕਾਰੇ ਮਿਲਦੇ ਹਨ।

ਉਸਦੀ ਯੋਗਤਾ ਦਾ ਇਕ ਹੋਰ ਪਸਾਰ ਸੀ ਲੇਖਕ, ਪੱਤਰਕਾਰ ਤੇ ਸ਼ਾਇਰ ਵਜੋਂ ਆਪਣੀ ਪ੍ਰਤਿਭਾ ਨੂੰ ਗ਼ਦਰ ਲਹਿਰ ਦੇ ਪ੍ਰਚਾਰ ਪ੍ਰਸਾਰ ਲਈ ਵਰਤਣਾ। ਪੜ੍ਹਿਆ ਲਿਖਿਆ ਪ੍ਰਤਿਭਾਵਾਨ ਨੌਜਵਾਨ ਹੋਣ ਕਰਕੇ ਅਤੇ ਸਭ ਤੋਂ ਪਹਿਲਾਂ 'ਗ਼ਦਰ' ਅਖ਼ਬਾਰ ਨੂੰ ਪ੍ਰਕਾਸ਼ਤ ਕਰਨ ਦਾ ਪ੍ਰਸਤਾਵ ਲੈ ਕੇ ਲਾਲਾ ਹਰਦਿਆਲ ਕੋਲ ਜਾਣ ਕਾਰਨ ਹੀ ਸ਼ਾਇਦ ਲਾਲਾ ਹਰਦਿਆਲ ਅਤੇ ਉਹਦੇ ਸਾਥੀਆਂ ਨੇ ਅਖ਼ਬਾਰ ਚਲਾਉਣ ਲਈ ਮੁਢਲੇ ਸਹਾਇਕ ਵਜੋਂ ਸਰਾਭੇ ਦੀ ਡਿਊਟੀ ਲਾਈ ਸੀ। ਬਾਅਦ ਵਿਚ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਵੀ ਨਾਲ ਜੋੜ ਲਿਆ ਗਿਆ। ਯੂਪੀ ਦੇ ਨੌਜਵਾਨ ਸਾਥੀ ਰਘਵੀਰ ਦਿਆਲ ਨਾਲ ਮਿਲ ਕੇ ਮਸ਼ੀਨ ਚਲਾਉਣ ਤੇ ਅਖ਼ਬਾਰ ਛਾਪਣ ਵਿਚ

ਕਰੜੀ ਮਿਹਨਤ ਕਰਨ ਤੋਂ ਇਲਾਵਾ ਅਖ਼ਬਾਰ ਵਿਚ ਛਪਣ ਲਈ ਆਈਆਂ ਬਹੁਤੀਆਂ ਲਿਖਤਾਂ ਦਾ ਉਰਦੂ ਤੋਂ ਪੰਜਾਬੀ ਵਿਚ ਉਲਥਾ ਜਾਂ ਉਤਾਰਾ ਵੀ ਸਰਾਭਾ ਹੀ ਕਰਦਾ ਸੀ। ਬਹੁਤੀ ਵਾਰ ਅਖ਼ਬਾਰ ਲਈ ਲੇਖ ਵੀ ਆਪ ਲਿਖਦਾ। ਬਲਵੰਤ ਦੇ ਨਾਂ 'ਤੇ ਛਪੇ ਲੇਖ ਵਿਚ (ਇਸ ਨਾਂ 'ਤੇ ਸ਼ਹੀਦ ਭਗਤ ਸਿੰਘ ਲਿਖਦਾ ਹੁੰਦਾ ਸੀ) ਸਰਾਭੇ ਨੂੰ 'ਗ਼ਦਰ' ਅਖ਼ਬਾਰ ਦਾ 'ਵੱਡਾ ਲਿਖਾਰੀ' ਕਿਹਾ ਗਿਆ ਹੈ, 'ਪਹਿਲਾਂ ਪਹਿਲਾਂ ਇਹ ਅਖ਼ਬਾਰ ਗੁਰਮੁਖੀ ਵਿਚ ਛਪਦਾ ਸੀ। ਇਸ ਦਾ ਵੱਡਾ ਲਿਖਾਰੀ ਸਾਡਾ ਬੀਰ ਕਰਤਾਰ ਸਿੰਘ ਹੀ ਸੀ।'

ਜਦੋਂ ਅਜੇ ਰਘਵੀਰ ਦਿਆਲ ਤੇ ਬਾਬਾ ਟੁੰਡੀਲਾਟ ਉਹਦੀ ਸਹਾਇਤਾ ਲਈ ਨਹੀਂ ਸਨ ਪੁੱਜੇ ਅਤੇ ਉਹ ਤੇ ਲਾਲਾ ਹਰਦਿਆਲ ਹੀ ਯੁਗਾਂਤਰ ਆਸ਼ਰਮ ਵਿਚ ਰਹਿੰਦੇ ਸਨ ਤਾਂ ਜ਼ਾਹਿਰ ਹੈ ਸਰਾਭਾ ਇਕੱਲਾ ਹੀ ਮਸ਼ੀਨ ਚਲਾਉਣ, ਅਖ਼ਬਾਰ ਲਈ ਲਿਖਣ ਜਾਂ ਅਖ਼ਬਾਰ ਛਾਪਣ ਦਾ ਉਪਰਾਲਾ ਕਰਦਾ ਸੀ। ਜਿਸ ਦਿਨ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਪ੍ਰਕਾਸ਼ਤ ਹੋਣਾ ਸੀ ਉਸਤੋਂ ਪਹਿਲੀ ਰਾਤ ਬਾਬਾ ਕਰਮ ਸਿੰਘ ਚੀਮਾ ਤੇ ਉਹਦਾ ਇਕ ਸਾਥੀ 'ਯੁਗਾਂਤਰ ਆਸ਼ਰਮ' ਵਿਚ ਠਹਿਰੇ ਸਨ। ਬਾਬਾ ਚੀਮਾ ਲਿਖਦੇ ਹਨ, 'ਜਦ ਅਸੀਂ ਸਵੇਰੇ ਉਠੇ ਤਾਂ ਕਰਤਾਰ ਸਿੰਘ ਤੇ ਲਾਲਾ ਹਰਦਿਆਲ ਉਸ ਛੋਟੀ ਜਿਹੀ ਹੱਥ ਨਾਲ ਫੇਰਨ ਵਾਲੀ ਮਸ਼ੀਨ ਨੂੰ ਤਿਆਰ ਕਰ ਰਹੇ ਸੀ ਜਿਸ ਨਾਲ ਅਖ਼ਬਾਰ ਛਾਪਣਾ ਸੀ। ਉਸ ਦਿਨ ਉਹਨਾਂ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਕਢਣਾ ਸੀ। ਅਸੀਂ ਬੇਨਤੀ ਕੀਤੀ ਕਿ ਜੇ ਤੁਸੀਂ ਕਹੋ ਤਾਂ ਅਸੀਂ ਮਸ਼ੀਨ ਫੇਰਦੇ ਹਾਂ, ਸਾਨੂੰ ਆਗਿਆ ਦੇਵੋ ਤਾਂ ਹਰਦਿਆਲ ਨੇ ਕਿਹਾ ਭਈ ਇਹ ਸਾਡਾ ਹੀ ਕੰਮ ਹੈ।'

ਨੌਜਵਾਨ ਹੋਣ ਕਰਕੇ ਤੇ ਕੰਮ ਕਰਨ ਦੇ ਚਾਅ ਨਾਲ ਲਬਾਲਬ ਭਰਪੂਰ ਹੋਣ ਕਰਕੇ ਅਸਲ ਵਿਚ ਇਹ ਕੰਮ ਕਰਤਾਰ ਸਿੰਘ ਸਰਾਭਾ ਹੀ ਕਰਦਾ ਸੀ। ਇਸਦੀ ਪੁਸ਼ਟੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਇਸਤਰ੍ਹਾਂ ਕਰਦੇ ਹਨ, 'ਔਰ ਉਸ ਵਕਤ ਪਰ ਦਫ਼ਤਰ ਔਰ ਪ੍ਰੈਸ ਮੇਂ ਤੀਨੋ ਆਦਮੀ ਕਰਤਾਰ ਸਿੰਘ, ਰਘਵੀਰ ਦਿਆਲ ਗੁਪਤਾ ਦੋਨੋ 18 ਸਾਲ ਕੀ ਉਮਰ ਕੇ (ਸਕੂਲੀ ਲੜਕੇ) ਔਰ ਤੀਸਰੇ ਲਾਲਾ ਜੀ। ਇਨ ਤੀਨੋ ਨੇ ਹੀ ਮਿਹਨਤ ਮੁਸ਼ਕਤ ਕਾ ਕਾਮ ਕਭੀ ਨਹੀਂ ਕੀਆ ਹੂਆ ਥਾ। ਹਾਂ ਕਰਤਾਰ ਸਿੰਘ ਪੰਜਾਬੀ ਜੱਟ ਸਪੁੱਤਰ ਜੋ 19ਵੀਂ ਸਦੀ ਕੇ ਕੁਝ ਸਾਲ ਬਾਕੀ ਰਹਿਤੇ ਪੈਦਾ ਹੂਆ ਹੋਨੇ ਕੀ ਵਜਾਹ ਸੇ ਕੁਝ ਨਾ ਕੁਝ ਮੁਸ਼ਕਤ ਕਾ ਕਾਮ ਕਰ ਸਕਤਾ ਥਾ।'

ਬਲਵੰਤ ਉਰਫ਼ ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭੇ ਦੇ ਅਖ਼ਬਾਰ ਛਾਪਣ ਲਈ ਕੀਤੇ ਜਾਣ ਵਾਲੇ ਮਹੱਤਵ ਪੂਰਨ ਯਤਨਾਂ ਨੂੰ ਬਿਆਨ ਕਰਦਿਆਂ ਲਿਖਦਾ ਹੈ, 'ਇਹ ਅਖ਼ਬਾਰ ਹਜ਼ਾਰਾਂ ਦੀ ਗਿਣਤੀ ਵਿਚ ਛਪਦੇ ਸਨ ਅਤੇ ਹਰ ਇਕ ਨੂੰ ਮੁਫ਼ਤ ਹੀ ਘਲੇ ਜਾਂਦੇ ਸਨ। ਕਦੇ ਕਿਸੇ ਕੋਲੋਂ ਚੰਦਾ ਨਹੀਂ ਮੰਗਿਆ ਜਾਂਦਾ ਸੀ। ਇਸ ਸਾਰੇ ਹੀ ਕੰਮ ਕਾਜ ਵਿਚ ਬਹੁਤ ਸਾਰਾ ਪੁਰਸ਼ਾਰਥ ਭਾਈ ਕਰਤਾਰ ਸਿੰਘ ਜੀ ਦਾ ਸੀ। ਉਹ ਬੜੇ ਹੀ ਪ੍ਰੇਮ ਨਾਲ ਅਤੇ ਦਿਲੀ ਲਗਨ ਨਾਲ ਕੰਮ ਕਰਦਾ ਸੀ ਅਤੇ ਉਸਦਾ ਚੇਹਰਾ ਹਰ ਵੇਲੇ ਹਸੂੰ ਹਸੂੰ ਹੀ ਕਰਦਾ ਰਹਿੰਦਾ ਸੀ। ਇਹ ਉਸਦੇ ਯਤਨਾਂ ਦਾ ਹੀ ਫਲ ਸੀ ਕਿ ਜਿਥੇ ਕਿਥੇ ਵੀ ਕੋਈ ਹਿੰਦ ਵਾਸੀ ਸੀ, ਓਥੇ ਹੀ ਉਸਨੂੰ ਪਰਚਾ ਪਹੁੰਚਾਇਆ ਜਾਂਦਾ ਸੀ।'

ਬਾਬਾ ਸੋਹਨ ਸਿੰਘ ਭਕਨਾ ਲਿਖਦੇ ਹਨ, ' 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਨਿਕਲਿਆ ਤਾਂ ਹਰਦਿਆਲ ਦੇ ਉਰਦੂ ਵਿਚ ਲਿਖੇ ਮਜ਼ਮੂਨਾਂ ਦਾ ਤਰਜਮਾ ਕਰਤਾਰ ਸਿੰਘ ਹੀ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ 'ਤੇ ਹੀ ਰਿਹਾ। ਕਈ ਹਫ਼ਤੇ ਮਗਰੋਂ ਦੂਜੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸਨੂੰ ਦਿਨ ਰਾਤ ਆਰਾਮ ਦੀ ਕਦੀ ਨਾ ਸੁੱਝੀ।'

ਅਖ਼ਬਾਰ ਛਾਪਣ ਵਿਚ ਸਰੀਰਕ ਮਿਹਨਤ ਕਰਨ ਤੋਂ ਇਲਾਵਾ ਸਰਾਭਾ 'ਗ਼ਦਰ' ਦੇ ਪਹਿਲੇ ਅੰਕ ਤੋਂ ਹੀ ਉਸ ਵਿਚ ਲੇਖ ਜਾਂ ਕਵਿਤਾਵਾਂ ਦੀ ਸ਼ਕਲ ਵਿਚ ਕੁਝ ਨਾ ਕੁਝ ਲਿਖਦਾ ਰਹਿੰਦਾ ਸੀ। 'ਗ਼ਦਰ-ਗੂੰਜਾਂ' ਦੀਆਂ ਬਹੁਤ ਸਾਰੀਆਂ ਜ਼ਿਕਰ-ਯੋਗ ਤੇ ਉਸਦੇ ਨਾਂ ਨਾਲ ਜੋੜ ਕੇ ਬਾਰ ਬਾਰ ਦੁਹਰਾਈਆਂ ਜਾਣ ਵਾਲੀਆਂ ਕਵਿਤਾਵਾਂ ਦਾ ਜ਼ਿਕਰ ਅਸੀਂ ਅਕਸਰ ਪੜ੍ਹਦੇ ਸੁਣਦੇ ਹਾਂ। ਉਹਨਾਂ ਦੇਸ਼ ਭਗਤਾਂ ਵਿਚ ਵਿਅਕਤੀਗਤ ਪ੍ਰਦਰਸ਼ਨ ਦੀ ਰੁਚੀ ਨਾ ਹੋਣ ਕਰਕੇ ਤੇ ਕੁਝ ਸੁਰੱਖਿਆ ਕਾਰਨਾਂ ਦੇ ਰੂਬਰੂ ਵੀ ਲਿਖਤਾਂ ਜਾ ਕਵਿਤਾਵਾਂ ਉੱਤੇ ਲੇਖਕ ਜਾਂ ਕਵੀ ਦਾ ਅਸਲੀ ਨਾਂ ਨਹੀਂ ਸੀ ਛਪਦਾ। ਇਸ ਕਰਕੇ ਇਹ ਅਨੁਮਾਨ ਲਾਉਣਾ ਹੁਣ ਬੜਾ ਮੁਸ਼ਕਲ ਹੈ ਕਿ 'ਗ਼ਦਰ' ਅਖ਼ਬਾਰ ਵਿਚ ਛਪਦੇ ਲੇਖਾਂ ਜਾਂ ਕਵਿਤਾਵਾਂ ਵਿਚੋਂ ਸਰਾਭੇ ਦੁਆਰਾ ਕਿਨ੍ਹਾਂ ਕਿਰਤਾਂ ਦੀ ਸਿਰਜਣਾ ਕੀਤੀ ਗਈ। ਤਦ ਵੀ ਕੁਝ ਲਿਖਤਾਂ ਤੇ ਕਵਿਤਾਵਾਂ ਇਸ ਪੁਸਤਕ ਵਿਚ ਅਜਿਹੀਆਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਬਾਰੇ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਉਹਨਾਂ ਦਾ ਕਰਤਾ ਕਰਤਾਰ ਸਿੰਘ ਸਰਾਭਾ ਹੀ ਸੀ। ਸਾਡੇ ਇਸ ਨਿਰਣੈ ਦੀ ਪੁਸ਼ਟੀ ਡਾ ਹਰੀਸ਼ ਪੁਰੀ ਤੇ ਵੇਦ ਵਟੁਕ ਜਿਹੇ ਇਤਿਹਾਸਕਾਰਾਂ ਦੇ ਹਵਾਲਿਆਂ ਤੋਂ ਵੀ ਹੋ ਜਾਂਦੀ ਹੈ।

ਉਸਦੀਆਂ ਲਿਖਤਾਂ ਤੇ ਕਵਿਤਾਵਾਂ ਵਿਚ ਜੋਸ਼ ਤੇ ਵਲਵਲਾ ਹੈ ਤੇ ਦੇਸ਼ ਲਈ ਕੁਰਬਾਨ ਹੋਣ ਦੇ ਜਜ਼ਬੇ ਦਾ ਅਮੋੜ ਵੇਗ ਵੀ। ਵਾਰਤਕ ਰਚਨਾਵਾਂ ਵਿਚੋਂ ਉਸਦੀ ਚਿੰਤਨੀ ਸੁਰ ਦਾ ਪ੍ਰਦਰਸ਼ਨ ਵੀ ਹੁੰਦਾ ਹੈ। ਜਦੋਂ ਉਹ ਇਕ ਲੇਖ ਵਿਚ ਅਫ਼ਰੀਕਾ ਵਿਚ ਗੁਜਰਾਤ ਦੀਆਂ ਔਰਤਾਂ ਦੀ ਬਹਾਦਰੀ ਦੀ ਪ੍ਰਸੰਸਾ ਕਰਦਿਆਂ ਪੰਜਾਬੀ ਸਿੱਖਾਂ ਦੇ ਪ੍ਰਚਲਤ ਵਿਹਾਰ ਨੂੰ ਤੁਲਨਾਤਮਕ ਅਧਿਅਨ ਦਾ ਵਿਸ਼ਾ ਬਣਾ ਕੇ ਸਿੱਖੀ ਦੇ ਭੇਖ ਅਤੇ ਤੱਤ ਉੱਤੇ ਤਿੱਖਾ ਕਟਾਖ਼ਸ਼ ਕਰਦਾ ਹੈ ਤਾਂ ਉਸਦੀ ਇਤਿਹਾਸ ਪ੍ਰਤੀ ਵਿਸ਼ਲੇਸ਼ਣੀ ਦ੍ਰਿਸ਼ਟੀ ਦਾ ਸਹਿਜ ਪ੍ਰੀਚੈ ਹੋ ਜਾਂਦਾ ਹੈ।

ਉਹ ਲਿਖਦਾ ਹੈ ਕਿ 'ਹਿੰਦੁਸਤਾਨੀ ਲੋਕ ਆਮ ਰਵਾਜ ਨਾਲ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ, ਪਰ ਅਫ਼ਰੀਕਾ ਵਿਚ ਹਿੰਦੁਸਤਾਨ ਦੀਆਂ ਦੇਵੀਆਂ ਜਿਹੜੇ ਕੰਮ ਕਰ ਰਹੀਆਂ ਹਨ, ਇਸ ਤੋਂ ਹਿੰਦੁਸਤਾਨੀਆਂ ਦੇ ਗ਼ਲਤ ਖ਼ਿਆਲ ਦਾ ਖੰਡਨ ਹੁੰਦਾ ਹੈ। ਅਫ਼ਰੀਕਾ ਦੇ ਜ਼ਾਲਮ ਕਾਨੂੰਨ ਨੂੰ ਤੋੜਨ ਦੀ ਖਾਤਿਰ ਉਥੇ ਦੀਆਂ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਵੱਧ ਕੇ ਟਾਕਰਾ ਕੀਤਾ ਹੈ। ਗੰਨੇ ਦੇ ਖੇਤਾਂ ਦੇ ਜਲਾਓ ਤੇ ਹੋਰ ਕੰਮਾਂ ਵਿਚ ਮਰਦਾਂ ਦੇ ਬਰਾਬਰ ਕੰਮ ਕੀਤਾ ਹੈ। ਮਰਦਾਂ ਦੇ ਨਾਲ ਹੀ ਜੇਲ੍ਹ ਵਿਚ ਜਾਣ ਦਾ ਡਰ ਨਹੀਂ ਮੰਨਿਆ।

ਹੁਣ ਮੈਂ ਸਿੰਘਾਂ ਤੋਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਣਾਇਆ ਸੀ ਅਤੇ ਇਕ ਇਕ ਸਿੰਘ ਸਵਾ ਸਵਾ ਲੱਖ ਨਾਲ ਲੜਨ ਦਾ ਦਾਵਾ ਰਖਦੇ ਸਨ, ਪਰ ਹੁਣ ਕੀ ਪੰਜਾਬ ਵਿਚ ਇਸੇ ਤਰ੍ਹਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ? ਪਰ ਉਹ

ਪਹਿਲਾਂ ਵਰਗੀ ਕੁਵੱਤ ਤੇ ਬਹਾਦਰੀ ਸਿੰਘਾਂ ਵਿਚ ਕਿਉਂ ਨਹੀਂ ਰਹੀ। ਇਸ ਦੇ ਦੋ ਸਬੱਬ ਹਨ: ਪਹਿਲਾਂ ਉਹ ਆਦਮੀ ਜਿਹੜੇ ਅੰਮ੍ਰਿਤ ਬਣਾਉਂਦੇ ਹਨ, ਉਹ ਗੁਲਾਮ ਹਨ। ਗੁਰਦਵਾਰਿਆਂ ਦੇ ਗ੍ਰੰਥੀ ਅੰਗਰੇਜ਼ ਬਾਦਰਾਂ ਨੂੰ ਝੁੱਕ ਝੁੱਕ ਕੇ ਸਲਾਮ ਕਰਦੇ ਦੇਖੇ ਜਾਂਦੇ ਹਨ। ਭਲਾ ਅਜਿਹੇ ਨੀਚ ਪੁਰਸ਼ ਜਿਹੜੇ ਮਜ਼੍ਹਬੀ ਲੀਡਰ ਬਣੇ ਹੋਏ ਹਨ ਤਾਂ ਕੌਮ ਵਿਚ ਕੀ ਤਾਕਤ ਤੇ ਦਲੇਰੀ ਹੋ ਸਕਦੀ ਹੈ? ਜਦ ਤੱਕ ਗੁਰੂ ਗੋਬਿੰਦ ਸਿੰਘ ਜੀ ਵਰਗੇ ਸ਼ੇਰ ਦਿਲ ਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ ਤਦ ਤੱਕ ਕੋਈ ਅਸਰ ਨਹੀਂ ਹੋਵੇਗਾ। ਅੱਜ ਕੱਲ੍ਹ ਦੇ ਹਾਲ 'ਤੇ ਅੱਛੀ ਤਰ੍ਹਾਂ ਸਿੰਘਾਂ ਨੂੰ ਨਿਗ੍ਹਾ ਮਾਰਨੀ ਚਾਹੀਦੀ ਹੈ ਅਤੇ ਗੁਲਾਮ ਤੇ ਡਰਾਕਲ ਗ੍ਰੰਥੀਆਂ ਨੂੰ ਨਿਕਾਲ ਦੇਣਾ ਚਾਹੀਦਾ ਹੈ।'

ਏਨਾ ਹੀ ਨਹੀਂ, ਉਹਦਾ ਗ਼ਦਰ ਲਹਿਰ ਦੇ ਉਭਾਰ ਤੇ ਪ੍ਰਚਾਰ ਲਈ ਮਾਤ-ਭਾਸ਼ਾ ਦੇ ਮਹੱਤਵ ਨੂੰ ਸਵੀਕਾਰ ਕਰਨਾ ਉਹਦੀ ਦੂਰਦਰਸ਼ਤਾ ਦਾ ਕਮਾਲ ਹੀ ਹੈ। 'ਗ਼ਦਰ' ਅਖ਼ਬਾਰ ਵਿਚ ਛਪੀ ਉਹਦੀ ਪਹਿਲੀ ਪੰਜਾਬੀ ਲਿਖਤ ਦੀਆਂ ਪਹਿਲੀਆਂ ਸਤਰਾਂ ਵਿਚ ਹੀ ਉਸਨੇ ਐਲਾਨ ਕੀਤਾ ਹੈ, "ਅੱਜ ਪਹਿਲੀ ਨਵੰਬਰ ਸੰਨ 1913 ਭਾਰਤ ਦੀ ਤਵਾਰੀਖ਼ ਵਿਚ ਇਕ ਨਵਾਂ ਸੰਮਤ ਚੱਲਦਾ ਹੈ। ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦੀ ਹੈ।"

ਮਹਾਤਮਾ ਬੁੱਧ ਵੱਲੋਂ ਬੁੱਧ ਮੱਤ ਦੇ ਪਰਚਾਰ ਲਈ ਉਸ ਵੇਲੇ ਦੀ ਲੋਕ-ਭਾਸ਼ਾ 'ਪਾਲੀ' ਨੂੰ ਅਪਣਾਏ ਜਾਣ ਅਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਆਪਣੀ ਬਾਣੀ ਰਚਣ ਲਈ ਵਰਤੀ ਗਈ ਪੰਜਾਬੀ ਰੰਗ ਵਾਲੀ ਪਰ ਪੂਰੇ ਦੇਸ਼ ਵਿਚ ਸਮਝੀ ਜਾਣ ਵਾਲੀ ਲੋਕ-ਮੁਖੀ ਜ਼ਬਾਨ ਦੇ ਹਵਾਲੇ ਦੱਸਦੇ ਹਨ ਕਿ ਲੋਕ-ਲਹਿਰਾਂ ਲੋਕਾਂ ਦੀ ਜ਼ੁਬਾਨ ਵਿਚ ਹੀ ਲੜੀਆਂ ਜਾ ਸਕਦੀਆਂ ਹਨ। ਇਸ ਪ੍ਰਕਾਰ 'ਦੇਸੀ ਜ਼ਬਾਨ' ਦੇ ਮਹੱਤਵ ਨੂੰ ਸਮਝਣਾ ਸਰਾਭੇ ਤੇ ਉਹਦੇ ਸਾਥੀਆਂ ਦੀ ਭਵਿੱਖਮੁਖੀ ਪਹੁੰਚ ਦਾ ਸਬੂਤ ਹੈ ਜਿਹੜਾ ਇਸ ਪਾਸੇ ਵੱਲ ਵੀ ਸੰਕੇਤ ਕਰਦਾ ਹੈ ਕਿ ਜੇ ਸਾਡੀ ਇਨਕਲਾਬੀ ਤਹਿਰੀਕ ਸਫ਼ਲ ਹੋ ਜਾਂਦੀ ਤਾਂ ਲੋਕਾਂ ਦੀ ਕਿਸਮਤ ਦੇ ਨਾਲ ਨਾਲ, ਹੁਣ ਅੰਗਰੇਜ਼ੀ ਦੇ ਪੈਰਾਂ ਵਿਚ ਰੁਲ ਰਹੀ, ਸਾਡੀ ਜ਼ਬਾਨ ਦੀ ਕਿਸਮਤ ਵੀ ਸੌਰ ਜਾਣੀ ਸੀ। ਅੱਜ ਪੰਜਾਬੀ ਜ਼ਬਾਨ ਦੇ ਮਹੱਤਵ ਦੀ ਗੱਲ ਕਰਨ ਵਾਲੇ ਤੇ ਮਾਤਭਾਸ਼ਾ ਨੂੰ ਬਣਦਾ ਮਾਣ-ਸਨਮਾਨ ਦੇਣ ਲਈ ਲੜਾਈ ਲੜਨ ਵਾਲੇ ਕਾਮਿਆਂ, ਕਾਰਕੁਨਾਂ ਤੇ ਵਿਦਵਾਨਾਂ ਨੂੰ ਕਰਤਾਰ ਸਿੰਘ ਸਰਾਭੇ ਅਤੇ ਗ਼ਦਰ ਪਾਰਟੀ ਦੇ ਦੇਸੀ ਭਾਸ਼ਾਵਾਂ ਨੂੰ ਦਿੱਤੇ ਮਾਣ-ਸਨਮਾਨ ਜਾਂ ਦੂਜੇ ਸ਼ਬਦਾਂ ਵਿਚ ਪੰਜਾਬੀ ਭਾਸ਼ਾ ਨੂੰ ਦਿੱਤੇ ਮਾਣ-ਸਨਮਾਨ ਤੇ ਮਹੱਤਵ ਨੂੰ ਸਵੀਕਾਰ ਵੀ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੇ ਯੋਗਦਾਨ ਨੂੰ ਉਚੇਚੀ ਚਰਚਾ ਦਾ ਵਿਸ਼ਾ ਵੀ ਬਨਾਉਣਾ ਚਾਹੀਦਾ ਹੈ। ਪੰਜਾਬੀ ਜ਼ਬਾਨ ਨੂੰ ਮਹੱਤਵ ਦੇਣ ਦੇ ਸਰਾਭੇ ਦੇ ਮਨਸ਼ੇ ਅਤੇ ਮੁਹੱਬਤ ਬਾਰੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਕਹਿੰਦੇ ਹਨ, 'ਉਸ ਪਹਿਲੇ ਪਰਚੇ ਮੇਂ ਕਰਤਾਰ ਸਿੰਘ ਨੇ ਪੁਰਾਣੀ ਮਸ਼ਹੂਰ ਪੰਜਾਬੀ ਨਜ਼ਮ "ਪਗੜੀ ਸੰਭਾਲ ਜੱਟਾ" ਲਿਖੀ ਥੀ। ਪਹਿਲੇ ਛਪਨੇ ਵਾਲੇ ਉਰਦੂ ਪਰਚੋਂ ਮੇਂ ਲਾਲਾ ਹਰਦਿਆਲ ਕੇ ਇੰਤਜ਼ਾਮ ਸੇ ਦੇਸ਼ ਭਗਤੀ ਕੀ ਨਜ਼ਮ ਛਪ ਜਾਤੀ ਰਹੀ ਥੀ। ਕਰਤਾਰ ਸਿੰਘ ਕੋ ਯਹ ਖਿਆਲ ਪੈਦਾ ਹੂਆ ਥਾ ਕਿ ਪੰਜਾਬੀ ਪਰਚੇ ਮੇਂ ਪੰਜਾਬੀ ਨਜ਼ਮ ਭੀ ਹੋਨੀ ਚਾਹੀਏ। ਯਹ ਨਜ਼ਮ ਉਸੇ ਜ਼ਬਾਨੀ ਯਾਦ ਥੀ ਔਰ ਯਹ ਪਹਿਲੇ ਪਰਚੇ ਮੇਂ ਛਪੀ ਥੀ।'

ਬਾਬਾ ਹਰਨਾਮ ਸਿੰਘ ਟੁੰਡੀਲਾਟ ਦੇ ਬਿਆਨ ਤੋਂ ਸਹਿਜੇ ਪਤਾ ਚੱਲ ਜਾਂਦਾ ਹੈ ਕਿ ਕਰਤਾਰ ਸਿੰਘ ਪੰਜਾਬੀ ਜਾਂ ਦੇਸੀ ਜ਼ਬਾਨਾਂ ਦੇ ਮਹੱਤਵ ਨੂੰ ਕਿੰਨੀ ਡੂੰਘੀ ਤਰ੍ਹਾਂ ਸਮਝਦਾ ਸੀ। ਜੇ ਵੇਖਿਆ ਜਾਵੇ ਤਾਂ ਕਰਤਾਰ ਸਿੰਘ ਸਰਾਭਾ 'ਗ਼ਦਰ' ਅਖ਼ਬਾਰ ਦਾ ਹੀ ਨਹੀਂ ਸਗੋਂ ਅਮਰੀਕਾ ਵਿਚ ਪੰਜਾਬੀ ਦਾ ਪਹਿਲਾ ਪੱਤਰਕਾਰ ਵੀ ਸੀ। ਜਿਵੇਂ ਅਸੀਂ ਦੱਸ ਆਏ ਹਾਂ, ਉਹ ਅਖ਼ਬਾਰ ਲਈ ਸਮੇਂ ਸਮੇਂ ਸੰਪਾਦਕੀ ਲੇਖ ਤੇ ਕਵਿਤਾਵਾਂ ਵੀ ਲਿਖਦਾ ਸੀ ਤੇ ਅਖ਼ਬਾਰ ਨੂੰ ਛਾਪਣ ਦਾ ਕਾਰਜ ਵੀ ਕਰਦਾ ਸੀ। ਆਜ਼ਾਦੀ ਸੰਗਰਾਮ ਵਿਚ ਉਸਦੇ ਮਹੱਤਵਪੂਰਨ ਸਰਗਰਮ ਯੋਗਦਾਨ ਵਿਚ ਉਸਦੇ ਪੱਤਰਕਾਰ ਦੇ ਰੋਲ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਹ ਪਹਿਲਾ ਪੰਜਾਬੀ ਪੱਤਰਕਾਰ ਸੀ ਜਿਸਨੂੰ ਫ਼ਾਂਸੀ ਦੀ ਸਜ਼ਾ ਹੋਈ। ਉਹ ਸ਼ਹੀਦ ਹੋਣ ਵਾਲਾ ਦੇਸ਼ ਭਗਤ ਹੀ ਨਹੀਂ ਸਗੋਂ ਸ਼ਹੀਦ ਪੱਤਰਕਾਰ ਵੀ ਸੀ।

ਇਕ ਵਧੀਆ ਸ਼ਾਇਰ ਦੀ ਪਛਾਣ ਕਰਾਉਂਦੀਆਂ ਦੋ ਨਜ਼ਮਾਂ ਦਾ ਹਵਾਲਾ ਦਿੰਦਿਆਂ ਇਤਿਹਾਸਕਾਰ ਵੇਦ ਵਟੁਕ ਨੇ ਦੱਸਿਆ ਹੈ ਕਿ ਇਹ ਕਰਤਾਰ ਸਿੰਘ ਸਰਾਭੇ ਦੀਆਂ ਲਿਖੀਆਂ ਹੋਈਆਂ ਹਨ। ਜਿਹੜੀ ਕਵਿਤਾ ਉਸਨੇ ਫ਼ਾਂਸੀ 'ਤੇ ਚੜ੍ਹਦਿਆਂ ਗਾਈ ਸੀ ਉਸਦਾ ਉਤਾਰਾ ਹੇਠਾਂ ਦਿੱਤਾ ਜਾ ਰਿਹਾ ਹੈ:

ਯਹੀ ਪਾਓਗੇ ਮਹਿਸ਼ਰ ਮੇਂ ਜ਼ੁਬਾਂ ਮੇਰੀ, ਬਿਆਂ ਮੇਰਾ।
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੁਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜ਼ਾਤ ਹਿੰਦੀ ਹੂੰ,
ਯਹੀ ਮਜ਼ਹਬ, ਯਹੀ ਫ਼ਿਰਕਾ, ਯਹੀ ਹੈ ਖ਼ਾਨਦਾਂ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ ਏਕ ਜ਼ੱਰਾ ਹੂੰ,
ਯਹੀ ਬੱਸ ਏਕ ਪਤਾ, ਯਹੀ ਨਾਮੋ-ਨਿਸ਼ਾਂ ਮੇਰਾ।
ਕਦਮ ਲੂੰ ਮਾਦਰੇ-ਭਾਰਤ ਤੇਰੇ, ਮੈਂ ਉਠਤੇ ਔਰ ਬੈਠਤੇ,
ਕਹਾਂ ਕਿਸਮਤ ਮੇਰੀ ਐਸੀ, ਨਸੀਬਾ ਯਹ ਕਹਾਂ ਮੇਰਾ।
ਤੇਰੀ ਖ਼ਿਦਮਤ ਮੇਂ ਐ ਭਾਰਤ, ਯਹ ਸਰ ਜਾਏ, ਯਹ ਜਾਂ ਜਾਏ,
ਤੋ ਸਮਝੂੰਗਾ, ਯਹ ਮਰਨਾ ਹਯਾਤੇ ਜਾਦਵਾ ਮੇਰਾ।

ਇਸ ਨਜ਼ਮ ਤੋਂ ਇਲਾਵਾ ਵੇਦ ਵਟੁਕ ਜਿਸ ਦੂਜੀ ਨਜ਼ਮ ਦਾ ਹਵਾਲਾ ਦਿੰਦੇ ਹਨ, ਉਹ ਗ਼ਦਰੀਆਂ ਵਿਚ ਬਹੁਤ ਚਰਚਿਤ ਰਹੀ ਹੈ ਤੇ ਉਹ ਇਸਨੂੰ ਅਕਸਰ ਗਾਇਆ ਕਰਦੇ ਸਨ। ਨਜ਼ਮ ਹੈ:

ਜੇ ਕੋਈ ਪੂਛੇ ਕਿ ਕੌਨ ਹੋ ਤੁਮ, ਤੋ ਕਹਿ ਦੋ ਬਾਗ਼ੀ ਹੈ ਨਾਮ ਮੇਰਾ।
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ, ਗ਼ਦਰ ਕਰਨਾ ਹੈ ਕਾਮ ਅਪਨਾ।
ਨਮਾਜ਼ ਸੰਧਿਆ ਯਹੀ ਹਮਾਰੀ, ਔਰ ਪਾਠ ਪੂਜਾ ਸਭੀ ਯਹੀ ਹੈ,
ਧਰਮ ਕਰਮ ਸਭ ਯਹੀ ਹੈ ਹਮਾਰਾ, ਯਹੀ ਖ਼ੁਦਾ ਔਰ ਰਾਮ ਅਪਨਾ।

ਸਰਾਭੇ ਦੀ ਚਰਚਾ ਕਰਨ ਵਾਲੇ ਸਾਰੇ ਲੇਖਕ ਇਸ ਗੱਲ 'ਤੇ ਇਕਮੱਤ ਹਨ ਕਿ ਉਹ ਜੋਸ਼, ਜਵਾਨੀ, ਬਹਾਦਰੀ, ਨਿਡਰਤਾ, ਸਵੈਭਰੋਸੇ, ਲੀਡਰਸ਼ਿਪ ਅਤੇ ਪੂਰੇ ਸਮਰਪਣ ਭਾਵ ਨਾਲ

ਆਪਣੇ ਨਿਸ਼ਾਨੇ ਲਈ ਕੁਰਬਾਨ ਹੋ ਜਾਣ ਦੇ ਗੁਣਾਂ ਨਾਲ ਮਾਲਾ ਮਾਲ ਸੀ। ਬਾਬਾ ਸੋਹਨ ਸਿੰਘ ਭਕਨਾ ਲਿਖਦੇ ਹਨ ਕਿ ਜਦੋਂ ਕਾਮਾਗਾਟਾ ਮਾਰੂ ਜਹਾਜ ਨੂੰ ਵਾਪਸ ਮੋੜ ਦਿੱਤਾ ਗਿਆ ਤਾਂ 'ਗ਼ਦਰ ਪਾਰਟੀ ਦੇ ਜ਼ਿਮੇਵਾਰਾਂ ਨੇ ਫੈਸਲਾ ਕੀਤਾ ਕਿ ਇਕ ਪਾਰਟੀ ਦਾ ਜ਼ਿੰਮੇਵਾਰ ਕਾਮਾਗਾਟਾ ਮਾਰੂ ਦੇ ਨਾਲ ਨਾਲ ਜਾਏ ਤੇ ਯੋਕੋਹਾਮਾ ਵਿਚ ਜਾ ਕੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਇਨਕਲਾਬੀ ਲਾਈਨ ਸਮਝਾਏ। ਇਸ ਕੰਮ ਲਈ ਮੇਰੀ ਡਿਊਟੀ ਲੱਗੀ। 200 ਪਿਸਤੌਲ ਅਤੇ 2000 ਗੋਲੀਆਂ, ਦੋ ਪੇਟੀਆਂ ਵਿਚ ਬੰਦ ਕਰਕੇ ਜਹਾਜ਼ ਨੂੰ ਦੇਣ ਲਈ ਲਿਜਾਣੀਆਂ ਸਨ। ਇਸ ਦਾ ਬੰਦੋਬਸਤ ਭਾਈ ਭਗਵਾਨ ਸਿੰਘ ਤੇ ਕਰਤਾਰ ਸਿੰਘ ਸਰਾਭੇ 'ਤੇ ਸੁੱਟਿਆ ਗਿਆ। ਉਹਨਾਂ ਨੇ ਜਹਾਜ਼ 'ਤੇ ਇਕ ਕਮਰਾ ਰੀਜ਼ਰਵ ਕਰਵਾ ਕੇ ਜਹਾਜ਼ ਚੱਲਣ ਤੋਂ ਇਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਕਮਰੇ ਵਿਚ ਰੱਖਵਾ ਦਿੱਤੀਆਂ। ਮੈਂ ਬੜੇ ਧਿਆਨ ਨਾਲ ਯੁਗਾਂਤਰ ਆਸ਼ਰਮ ਵਿਚੋਂ ਨਿਕਲਿਆ ਤੇ ਰਸਤੇ ਵਿਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਤੁਰਨ ਤੋਂ ਕੋਈ 15 ਮਿੰਟ ਪਹਿਲਾਂ ਜਹਾਜ਼ ਤੋਂ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿਚ ਜਾ ਬੈਠਾ।' ਇਹ ਵੇਰਵਾ ਕਰਤਾਰ ਸਿੰਘ ਸਰਾਭੇ ਦੀ ਦਲੇਰੀ ਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਵੀ ਦਰਸਾਉਂਦਾ ਹੈ ਅਤੇ ਉਸ ਵਿਚਲੀ ਵੱਡੇ ਕੰਮ ਕਰ ਸਕਣ ਦੀ ਵਡੇਰੀ ਸਮਰੱਥਾ ਵਿਚ ਸਾਥੀਆਂ ਦੇ ਭਰੋਸੇ ਦੀ ਗਵਾਹੀ ਵੀ ਦਿੰਦਾ ਹੈ।

ਭਾਈ ਪਰਮਾਨੰਦ ਅਨੁਸਾਰ, 'ਕਰਤਾਰ ਸਿੰਘ ਦਾ ਹੌਂਸਲਾ ਤੇ ਮਰਦਾਨਗੀ ਸਚਮੁੱਚ ਹੈਰਾਨ ਕਰਨ ਵਾਲੇ ਸਨ। ...ਜਦੋਂ ਅਮਰੀਕਾ ਤੋਂ ਹੋਰ ਗ਼ਦਰੀ ਵੀ ਹਿੰਦੁਸਤਾਨ ਆ ਗਏ ਤਾਂ ਉਹ ਉਹਨਾਂ ਦਾ ਲੀਡਰ ਬਣ ਗਿਆ। ਉਹ ਚਾਹੁੰਦਾ ਸੀ ਕਿ ਹਰ ਕੋਈ ਉਸਦੀ ਦਿੱਤੀ ਸੇਧ ਅਨੁਸਾਰ ਕੰਮ ਕਰੇ। ਇਸਤਰ੍ਹਾਂ ਲੱਗਦਾ ਹੈ ਕਿ ਜਦੋਂ ਕੋਈ ਉਸਦੇ ਹੁਕਮਾਂ ਅਨੁਸਾਰ ਕੰਮ ਕਰਨ ਤੋਂ ਢਿੱਲ-ਮੱਠ ਦਿਖਾਉਂਦਾ ਸੀ, ਤਾਂ ਉਹ ਉਨ੍ਹਾਂ ਨੂੰ ਕਹਿੰਦਾ ਸੀ ਕਿ ਉਸਨੇ ਮੇਰੇ ਨਾਲ (ਪਰਮਾਨੰਦ) ਸਲਾਹ-ਮਸ਼ਵਰਾ ਕੀਤਾ ਹੈ ਅਤੇ ਇਹ ਹੁਕਮ ਮੇਰੇ (ਪਰਮਾਨੰਦ) ਹਨ। ਬੇਸ਼ੱਕ ਜਦੋਂ ਮੈਂ ਉਹਨੂੰ ਇਸ ਬਾਰੇ ਪੁੱਛਿਆ ਤਾਂ ਉਸਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਅਜਿਹਾ ਕਰਦਾ ਹੈ ਪਰ ਮੇਰੀ ਸੋਚ ਕਹਿੰਦੀ ਹੈ ਕਿ ਉਸਦਾ ਅਜਿਹਾ ਸੁਭਾਅ ਸੀ ਤੇ ਉਹ ਅਜਿਹੀਆਂ ਗੱਲਾਂ ਕਰ ਸਕਦਾ ਸੀ। ਵਿਦਿਆਰਥੀਆਂ ਨੂੰ ਉਹ ਕਹਿੰਦਾ ਹੁੰਦਾ ਸੀ, "ਆਪਣੀ ਪੜ੍ਹਾਈ ਛੱਡ ਦਿਓ, ਜਰਮਨ ਆ ਰਹੇ ਹਨ ਅਤੇ ਮੈਂ ਉਹਨਾਂ ਤੋਂ ਤੁਹਾਨੂੰ ਫੌਜ ਵਿਚ ਕਮਿਸ਼ਨ ਲੈ ਦਿਆਂਗਾ।" ਉਹ ਪੈਦਲ ਜਾਂ ਰੇਲ ਗੱਡੀ ਰਾਹੀਂ ਜਿੱਥੇ ਵੀ ਕਿਸੇ ਪਿੰਡ ਜਾਂ ਸਕੂਲ ਵਿਚ ਜਾਂਦਾ, ਉਥੇ ਅਕਸਰ ਅਜਿਹੀਆਂ ਗੱਲਾਂ ਹੀ ਕਹਿੰਦਾ ਹੁੰਦਾ ਸੀ। ਇਕ ਵਾਰ ਰੇਲ ਗੱਡੀ ਵਿਚ ਸਫ਼ਰ ਕਰਦਿਆਂ ਉਹ ਇਕ ਹਵਾਲਦਾਰ ਨੂੰ ਮਿਲਿਆ ਅਤੇ ਉਸਨੂੰ ਸਾਫ਼ ਸਾਫ਼ ਕਹਿਣ ਲੱਗਾ, "ਤੂੰ ਨੌਕਰੀ ਛੱਡਦਾ ਕਿਉਂ ਨਹੀਂ?" ਨੌਜਵਾਨ ਮੁੰਡੇ ਨੂੰ ਜੋਸ਼ ਭਰਿਆ ਵੇਖ ਕੇ ਹਵਾਲਦਾਰ ਨੇ ਕਿਹਾ, "ਉਹ ਆਪਣੇ ਬੰਦਿਆਂ ਨੂੰ ਮੀਆਂ ਮੀਰ ਉਸ ਕੋਲ ਲੈ ਆਵੇ। ਅਸਲੇਖ਼ਾਨੇ ਦੀਆਂ ਚਾਬੀਆਂ ਮੇਰੇ ਹੱਥ ਵਿਚ ਹਨ। ਮੈਂ ਸਾਰੀਆਂ ਚਾਬੀਆਂ ਤੈਨੂੰ ਫੜਾ ਦੇਵਾਂਗਾ।" ਇਸ ਕੰਮ ਲਈ 25 ਨਵੰਬਰ ਦਾ ਦਿਨ ਮਿਥਿਆ ਗਿਆ। ਜਦੋਂ ਉਸਨੇ ਆਪਣੀ ਕਮੇਟੀ ਵਿਚ ਇਹ ਸਵਾਲ ਬਹਿਸ ਲਈ ਰਖਿਆ, ਤਾਂ ਉਨ੍ਹਾਂ ਸਾਰਿਆਂ ਨੇ ਇਸ ਦਾ ਮਾਖੌਲ ਉਡਾਇਆ। ਇਸ ਸਮੇਂ ਕਰਤਾਰ ਸਿੰਘ ਨੇ ਕਿਹਾ, "ਠੀਕ ਹੈ, ਪਰ ਮੈਂ ਇਸ ਬਾਰੇ ਭਾਈ

ਪਰਮਾਨੰਦ ਨੂੰ ਪੁੱਛਿਆ ਹੈ ਅਤੇ ਉਸਦੀ ਸਹਿਮਤੀ ਪ੍ਰਾਪਤ ਕੀਤੀ ਹੈ।'' ਉਸਦੇ ਇਕ ਸੌ ਦੇ ਲਗਭਗ ਸਾਥੀਆਂ ਨੇ ਮੀਆਂਮੀਰ ਦੇ ਨੇੜੇ ਰੇਲਵੇ ਸਟੇਸ਼ਨ ਉਤੇ ਬੜੀ ਬੇਅਰਾਮੀ ਭਰੀ ਰਾਤ ਗੁਜ਼ਾਰੀ, ਪ੍ਰੰਤੂ ਉਥੇ ਉਹ ਹਵਾਲਦਾਰ ਨਾ ਆਇਆ। ਇਸ ਘਟਨਾ ਬਾਰੇ ਨਵਾਬ ਖ਼ਾਨ ਨੇ ਕਿਹਾ ਹੈ ਕਿ ਜਦੋਂ ਉਸ ਨੇ ਇਸ ਸਬੰਧੀ ਕਰਤਾਰ ਸਿੰਘ ਕੋਲ ਇਤਰਾਜ਼ ਕੀਤਾ, ਤਾਂ ਉਸਨੇ ਉਤਰ ਦਿੱਤਾ,''ਮੈਂ ਕੀ ਕਰ ਸਕਦਾ ਹਾਂ? ਇਹ ਭਾਈ ਪਰਮਾਨੰਦ ਹੀ ਹੈ, ਜਿਹੜਾ ਮੇਰੇ ਤੋਂ ਅਜਿਹੀਆਂ ਗੱਲਾਂ ਕਰਾਉਂਦਾ ਹੈ।'' ਜੇਕਰ ਇਹ ਗੱਲ ਸੱਚ ਹੈ, ਤਾਂ ਇਸ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਕਰਤਾਰ ਸਿੰਘ ਆਪਣੇ ਪੈਰੋਕਾਰਾਂ ਦੇ ਮਨਾਂ ਵਿਚ ਆਪਣੀ ਲੀਡਰਸ਼ਿਪ ਯੋਗਤਾ ਸਬੰਧੀ ਜ਼ਰਾ ਵੀ ਸ਼ੱਕ ਪੈਦਾ ਹੋਣ ਤੋਂ ਬਚਣ ਲਈ ਅਜਿਹਾ ਕਰਨਾ ਜ਼ਰੂਰੀ ਸਮਝਦਾ ਸੀ।'

ਮੈਨੂੰ ਲੱਗਦਾ ਹੈ ਕਿ ਭਾਈ ਪਰਮਾਨੰਦ ਸਰਾਭੇ ਦੀ ਸਖ਼ਸੀਅਤ ਦਾ ਮੁਲਾਂਕਣ ਕਰਨ ਲੱਗਿਆਂ ਕੁਝ ਅੰਤਰਮੁਖੀ ਹੋ ਗਿਆ ਹੈ। ਸਰਾਭੇ ਦੀ ਬਹੁਤ ਹੱਦ ਤੱਕ ਵਡਿਆਈ ਕਰਦਿਆਂ ਵੀ ਉਹਦਾ ਫ਼ਿਕਰ ਇਹ ਸਥਾਪਤ ਕਰਨ ਵੱਲ ਰਹਿੰਦਾ ਹੈ ਕਿ ਉਹ ਖ਼ੁਦ ਸਰਾਭੇ ਨਾਲੋਂ ਉੱਚੇ ਪਲੇਟਫਾਰਮ 'ਤੇ ਖਲੋਤਾ ਦਿਖਾਈ ਦੇਵੇ। ਭਾਈ ਪਰਮਾਨੰਦ ਆਪਣਾ ਬਿੰਬ ਕੁਝ ਇਸਤਰ੍ਹਾਂ ਸਿਰਜਦਾ ਹੈ ਕਿ ਜਿਵੇਂ ਉਹਦੇ ਵਿਚਾਰਾਂ ਦੀ ਮਹੱਤਤਾ ਪੂਰੀ ਗਦਰ ਪਾਰਟੀ ਦੇ ਕਾਰਕੁਨਾਂ ਲਈ ਗੁਰਾਂ ਦੇ 'ਹੁਕਮਨਾਮਿਆਂ' ਵਰਗੀ ਹੋਵੇ ਤੇ ਸਰਾਭਾ 'ਗੁਰੂ' ਦਾ ਹੁਕਮਨਾਮਾ ਸੁਣਾ ਕੇ ਹੀ ਬਾਕੀ ਸਾਥੀਆਂ ਨੂੰ ਆਪਣੇ 'ਮਗਰ' ਲਾਉਂਦਾ ਸੀ ਜਾਂ ਉਹਦਾ ਹੁਕਮਨਾਮਾ ਸੁਣ-ਮੰਨ ਕੇ ਹੀ ਦੂਜੇ ਸਾਥੀ ਸਰਾਭੇ ਨਾਲ ਵੱਡੀਆਂ ਮੁਹਿੰਮਾਂ 'ਤੇ ਨਿਕਲ ਤੁਰਦੇ ਸਨ। ਉਸ ਵੱਲੋਂ ਪੇਸ਼ ਕੀਤਾ ਸਰਾਭੇ ਦਾ ਬਿੰਬ ਸਰਾਭੇ ਦੇ ਵਿਹਾਰ ਨੂੰ ਕੁਝ ਵਧੇਰੇ ਹੀ ਬਚਗਾਨਾ ਬਣਾ ਧਰਦਾ ਹੈ। ਉਹ ਤਾਂ ਇਹ ਵੀ ਸਾਬਤ ਕਰਦਾ ਹੈ ਕਿ ਸਰਾਭਾ ਉਸ ਤੋਂ ਹੀ ਪ੍ਰਭਾਵਤ ਤੇ ਪ੍ਰੇਰਤ ਹੋ ਕੇ ਆਜ਼ਾਦੀ ਸੰਗਰਾਮ ਵਿਚ ਕੁੱਦਿਆ ਸੀ। ਉਸਨੇ ਕਿਸੇ ਵੇਲੇ ਅਮਰੀਕਾ ਵਿਚ ਅਚਾਨਕ ਮਿਲ ਗਏ ਸਰਾਭੇ ਨੂੰ ਇਤਿਹਾਸ ਦੇ ਹਵਾਲੇ ਸੁਣਾ ਕੇ ਉਸ ਅੰਦਰ ਦੇਸ਼ ਲਈ ਕੁਝ ਕਰ ਸਕਣ ਤੇ ਉਸ ਲਈ ਮਰ ਮਿਟਣ ਦੀ ਭਾਵਨਾ ਜਗਾਈ ਸੀ। ਭਾਈ ਸਾਹਿਬ ਅਨੁਸਾਰ ਸਰਾਭੇ ਨੇ ਬਾਅਦ ਵਿਚ ਉਸ ਪ੍ਰੇਰਕ ਪ੍ਰਸੰਗ ਵਾਲੀ ਮਿਲਣ ਰਾਤ ਦਾ ਹਵਾਲਾ ਦਿੰਦਿਆਂ ਕਿਹਾ ਸੀ, ''ਉਸੇ ਰਾਤ ਮੈਂ ਆਪਣੇ ਦੇਸ਼ ਲਈ ਆਪਣੀ ਜ਼ਿੰਦਗੀ ਅਰਪਣ ਕਰਨ ਦਾ ਫੈਸਲਾ ਕਰ ਲਿਆ ਸੀ।'' ਭਾਵੇਂ ਭਾਈ ਪਰਮਾਨੰਦ ਉਮਰ ਅਤੇ ਤਜਰਬੇ ਵਿਚ ਵਡੇਰਾ ਸੀ ਅਤੇ ਸਾਥੀ ਉਹਦੀ 'ਸਿਆਣਪ' ਦੀ ਕਦਰ ਵੀ ਕਰਦੇ ਹੋਣਗੇ ਪਰ ਇਹ ਕਿਵੇਂ ਵੀ ਸੰਭਵ ਨਹੀਂ ਕਿ ਵੱਡੀਆਂ ਮੁਹਿੰਮਾਂ ਜਥੇਬੰਦ ਕਰ ਸਕਣ ਵਾਲਾ ਤੇ ਲੋਕਾਂ ਨੂੰ ਲਾਮਬੰਦ ਕਰਨ ਵਾਲਾ ਸਮਰੱਥ ਸਰਾਭਾ ਆਪਣੀ ਕਿਸੇ ਵੱਡੀ ਮੁਹਿੰਮ 'ਤੇ ਜਾਣ ਅਤੇ ਉਸ ਉਪਰੰਤ ਮਿਲੀ ਅਸਫ਼ਲਤਾ ਲਈ, ਬੱਚਿਆਂ ਵਾਂਗ ਦੋਸ਼ ਭਾਈ ਪਰਮਾਨੰਦ ਦੇ ਸਿਰ ਮੜ੍ਹ ਕੇ ਸੁਰਖ਼ਰੂ ਹੋ ਜਾਣ ਦਾ ਬਚਗਾਨਾ ਵਿਹਾਰ ਕਰਦਾ ਹੋਵੇ। ਖ਼ੁਦ ਭਾਈ ਪਰਮਾਨੰਦ ਇਹ ਦਾਅਵਾ ਕਰਦਾ ਹੈ ਕਿ 'ਮੈਨੂੰ ਕਰਤਾਰ ਸਿੰਘ ਨੇ ਇਹ ਗੱਲ ਦੱਸੀ ਤੇ ਕਿਹਾ ਕਿ ਉਹ ਇਕ ਵਾਰੀ ਮੈਨੂੰ ਲਾਹੌਰ ਵਿੱਚ ਵੀ ਮਿਲਿਆ ਸੀ, ਜਦੋਂ ਮੈਂ ਉਸ ਦੇ ਵਿਚਾਰਾਂ ਨੂੰ ਬੱਚਿਆਂ ਵਾਲੇ ਕਹਿ ਕੇ ਖ਼ਾਰਜ ਕਰ ਦਿੱਤਾ ਸੀ।' ਸੋ ਸਰਾਭੇ ਦੇ ਗ਼ਦਰ ਕਰਨ ਦੇ ਕੰਮ-ਢੰਗ ਅਤੇ ਵਿਚਾਰਾਂ ਨੂੰ 'ਬੱਚਿਆਂ' ਵਰਗੇ ਆਖ ਕੇ ਉਹਨਾਂ ਦਾ ਮਖ਼ੌਲ ਉਡਾਉਣ ਵਾਲੇ ਭਾਈ ਪਰਮਾਨੰਦ ਨੂੰ ਸਰਾਭੇ ਵੱਲੋਂ 'ਗੁਰੂ' ਦਾ

ਦਰਜਾ ਦੇਣ ਦੀ ਗੱਲ ਮਨ ਨੂੰ ਟੁੰਬਦੀ ਨਹੀਂ। ਦੂਜੇ ਪਾਸੇ ਸਰਾਭਾ ਤਾਂ ਭਾਈ ਪਰਮਾਨੰਦ ਨੂੰ ਮਿਲੇ ਹੋਣ ਤੋਂ ਵੀ ਇਨਕਾਰੀ ਸੀ। ਸਰਾਭੇ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਸ਼ਹੀਦ ਭਗਤ ਸਿੰਘ ਲਿਖਦਾ ਹੈ ਕਿ 'ਮੈਂ (ਸਰਾਭਾ) ਭਾਈ ਪ੍ਰਮਾਨੰਦ ਨੂੰ ਪਹਿਲਾਂ ਕਦੇ ਨਹੀਂ ਵੇਖਿਆ ਸੀ।'' ਉਂਜ ਕਈ ਹਵਾਲੇ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਅਮਰੀਕਾ ਵਿਚ ਤੇ ਭਾਰਤ ਵਿਚ ਵੀ ਭਾਈ ਪਰਮਾਨੰਦ ਨੂੰ ਮਿਲਦਾ ਰਿਹਾ ਹੈ ਪਰ ਭਾਈ ਪਰਮਾਨੰਦ ਵੱਲੋਂ ਆਪਣੇ ਆਪ ਨੂੰ ਸਰਾਭੇ ਦਾ ਸਭ ਤੋਂ ਵੱਡਾ ਪ੍ਰੇਰਨਾ ਸਰੋਤ ਸਾਬਤ ਕਰਨ ਵਾਲੀ ਗੱਲ ਵਿਚ ਕੋਈ ਸਚਾਈ ਨਹੀਂ।

'ਸਰਾਭੇ ਦੀ 'ਜਰਨੈਲੀ ਪ੍ਰਤਿਭਾ' ਨੂੰ ਪਛਾਨਣ ਤੇ ਵਡਿਆਉਣ ਵਿਚ ਗ਼ਦਰ ਲਹਿਰ ਦੇ ਹੋਰ ਸੀਨੀਅਰ ਆਗੂਆਂ ਨੇ ਕਿਸੇ ਪ੍ਰਕਾਰ ਦੀ ਹਿਚਕਚਾਹਟ ਨਹੀਂ ਵਿਖਾਈ ਅਤੇ ਕਿਸੇ ਨੇ ਵੀ ਸਰਾਭੇ ਦੇ ਅਜਿਹੇ 'ਅੱਲੜ੍ਹ ਅਤੇ ਬਚਗਾਨਾ' ਵਿਹਾਰ ਦੀ ਤਸਦੀਕ ਨਹੀਂ ਕੀਤੀ। ਇਸ ਪ੍ਰਥਾਇ ਭਾਈ ਪਰਮਾਨੰਦ ਦਾ ਸਰਾਭੇ ਬਾਰੇ ਕੀਤਾ ਮੁਲਾਂਕਣ ਅਪਵਾਦ ਹੀ ਹੈ। ਜੇ ਭਾਈ ਪਰਮਾਨੰਦ ਵਿਚ ਸਰਾਭੇ ਦਾ 'ਗੁਰੂਆਂ' ਵਰਗਾ ਹੀ ਵਿਸ਼ਵਾਸ ਹੁੰਦਾ ਤਾਂ ਉਹ ਵੀ ਫ਼ਾਂਸੀ ਦੀ ਸਜ਼ਾ ਦਾ ਐਲਾਨ ਹੋਣ 'ਤੇ ਭਾਈ ਪਰਮਾਨੰਦ ਵਾਂਗ ਸਜ਼ਾ ਮੁਆਫ਼ ਕਰਵਾਉਣ ਲਈ ਅਪੀਲ ਕਰਦਾ ਪਰ ਬਾਬਾ ਸੋਹਨ ਸਿੰਘ ਭਕਨਾ ਅਨੁਸਾਰ, ਸਜ਼ਾ ਦਾ ਐਲਾਨ ਹੋਣ 'ਤੇ 'ਸਿਵਾਏ ਭਾਈ ਪਰਮਾਨੰਦ ਲਾਹੌਰ ਅਤੇ ਇਕ ਹੋਰ ਆਦਮੀ, ਜਿਸ ਨੇ ਪਿੰਡ ਢੱਬਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਦੇਸ਼ਭਗਤਾਂ ਨੂੰ ਪਰੇਰ ਕੇ ਇਕ ਸ਼ਾਹੂਕਾਰ ਦੇ ਘਰ ਡਾਕਾ ਮਰਵਾਇਆ ਸੀ, ਜਿਸ ਦਾ ਕਿ ਉਸ ਨੇ ਕਰਜਾ ਦੇਣਾ ਸੀ, ਹੋਰ ਕਿਸੇ ਨੇ ਰਹਿਮ ਦੀ ਅਪੀਲ ਨਾ ਕੀਤੀ। ਸਗੋਂ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ। ਕਰਤਾਰ ਸਿੰਘ ਨੇ ਇਸ ਪੇਸ਼ਕਸ਼ ਦਾ ਮਖੌਲ ਉਡਾਇਆ ਅਤੇ ਕਿਹਾ ਕਿ ''ਮੈਂ ਅਪੀਲ ਕਰਦਾ ਹਾਂ ਕਿ ਸਾਨੂੰ ਜਲਦੀ ਤੋਂ ਜਲਦੀ ਫਾਂਸੀ ਦਿੱਤੀ ਜਾਵੇ।''

ਭਾਵੇਂ ਭਾਈ ਪਰਮਾਨੰਦ ਮੁਤਾਬਕ ਸਰਾਭਾ ਥੋੜਾ ਅੱਲੜ੍ਹ, ਮਾਅਰਕੇ-ਬਾਜ਼ ਤੇ ਕੁਝ ਹੱਦ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲਾ ਸੀ ਤਦ ਵੀ ਉਸਦੇ ਹੋਰ ਦੂਜੇ ਗੁਣਾਂ ਤੋਂ ਭਾਈ ਪਰਮਾਨੰਦ ਵੀ ਮੁਨਕਰ ਨਹੀਂ। ਉਹਦੀ 'ਚਤਰੁਤਾ ਤੇ ਦਲੇਰੀ' ਨੂੰ ਮੰਨਦਿਆਂ ਭਾਈ ਪਰਮਾਨੰਦ ਲਿਖਦਾ ਹੈ, 'ਉਸਦਾ ਜੋਸ਼, ਨਿਡਰਤਾ ਤੇ ਮੌਤ ਵੱਲੋਂ ਬੇਪ੍ਰਵਾਹੀ ਉਸਦੇ ਅਜਿਹੇ ਵਿਲੱਖਣ ਗੁਣ ਸਨ, ਜੋ ਇੰਨੀ ਛੋਟੀ ਉਮਰ ਦੇ ਮੁੰਡੇ ਵਿਚ ਘੱਟ ਹੀ ਮਿਲਦੇ ਹਨ।'

ਉਹਦੇ ਲੋੜੋਂ ਵੱਧ ਦਲੇਰ ਤੇ ਮਨਚਲੇ ਸੁਭਾਅ ਦੀਆਂ ਕਈ ਅਜਿਹੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਜਦੋਂ ਉਹ ਪੁਲਿਸ ਦੇ ਘੇਰੇ ਵਿਚ ਆਉਣ ਦੇ ਬਾਵਜੂਦ ਦਿਮਾਗ਼ੀ ਸੰਤੁਲਨ ਨੂੰ ਕਾਇਮ ਰੱਖਦਿਆਂ ਬੜੀ ਹੁਸ਼ਿਆਰੀ ਤੇ ਚੁਸਤੀ ਨਾਲ ਚਕਮਾ ਦੇ ਕੇ ਬਚ ਜਾਂਦਾ। ਇਕ ਵਾਰ ਜਦੋਂ ਲੁਧਿਆਣੇ ਦੀ ਪੁਲਿਸ ਸਰਾਭੇ ਨੂੰ ਲੱਭਦੀ ਹੋਈ ਇਕ ਪਿੰਡ ਵਿਚ ਕਿਸੇ ਘਰ ਦੀ ਤਲਾਸ਼ੀ ਲੈ ਰਹੀ ਸੀ ਤਾਂ ਉਸ ਸਮੇਂ ਸਰਾਭਾ ਸਾਈਕਲ ਉੱਤੇ ਉਧਰੋਂ ਹੀ ਲੰਘ ਰਿਹਾ ਸੀ। ਉਹ ਇਹ ਵੀ ਜਾਣਦਾ ਸੀ ਕਿ ਪੁਲਿਸ ਉਸਨੂੰ ਹੀ ਲੱਭ ਰਹੀ ਹੈ। ਜੇ ਉਹ ਦੌੜਨ ਦੀ ਕੋਸ਼ਿਸ਼ ਕਰਦਾ ਤਾਂ ਪੁਲਿਸ ਨੇ ਲਾਜ਼ਮੀ ਤੌਰ 'ਤੇ ਉਹਦਾ ਪਿੱਛਾ ਕਰਨਾ ਸੀ ਤੇ ਫੜ ਲੈਣਾ ਸੀ। ਸਰਾਭੇ ਨੇ ਦਿਮਾਗ਼ੀ ਤਵਾਜ਼ਨ ਕਾਇਮ ਰੱਖਿਆ। ਉਹ ਸਾਈਕਲ ਤੋਂ ਉੱਤਰਿਆ ਤੇ ਉਸ ਘਰ ਵਿਚ ਜਾ ਕੇ ਬੜੇ ਠਰੰਮ੍ਹੇ ਨਾਲ ਪਾਣੀ ਦਾ ਗਲਾਸ ਮੰਗਿਆ ਜਿਵੇਂ ਕੋਈ ਥੱਕਿਆ ਪਿਆਸਾ ਰਾਹੀ ਹੋਵੇ। ਪਾਣੀ ਪੀ ਕੇ ਉਹਨੇ

ਸਾਈਕਲ ਫੜਿਆ ਤੇ ਚੁੱਪ ਕੀਤਾ ਤੁਰਦਾ ਬਣਿਆਂ। ਪੁਲਿਸ ਉਸਨੂੰ ਰਾਹ ਜਾਂਦਾ ਰਾਹੀ ਸਮਝ ਕੇ ਉਸ ਘਰ ਵਿਚੋਂ ਅਜੇ ਵੀ ਉਹਨੂੰ 'ਲੱਭਣ' ਦੀ ਕੋਸ਼ਿਸ਼ ਵਿਚ ਜੁੱਟੀ ਹੋਈ ਸੀ। ਬਾਅਦ ਵਿਚ ਉਸ ਪੁਲਿਸ ਇੰਸਪੈਕਟਰ ਨੇ ਉਹਦੇ ਇਸ ਕਾਰਨਾਮੇ ਦੀ ਬੜੀ ਪ੍ਰਸ਼ੰਸਾ ਕੀਤੀ ਜਿਹੜਾ ਬੜੀ ਹੁਸ਼ਿਆਰੀ ਤੇ ਸਹਿਜ ਨਾਲ ਪੁਲਿਸ ਨੂੰ ਚਕਮਾ ਦੇ ਗਿਆ ਸੀ।

ਦਿਲਚਸਪ ਗੱਲ ਤਾਂ ਇਹ ਹੈ ਕਿ ਕਈ ਵਾਰ ਉਹ ਆਪਣੀ ਸਮਰੱਥਾ ਦੀ ਪਛਾਣ ਕਰਾਉਣ ਅਤੇ ਪੁਲਿਸ ਤੰਤਰ ਦਾ ਮਜ਼ਾਕ ਉਡਾਉਣ ਲਈ, ਜਸੂਸੀ ਨਾਵਲਾਂ ਦੇ ਨਾਇਕਾਂ ਵਾਂਗ, ਨਾਟਕੀ ਭੇਸ ਬਣਾ ਕੇ, ਬੇਵਜ੍ਹਾ ਹੀ ਪੁਲਿਸ ਦੀਆਂ ਸਫ਼ਾਂ ਵਿਚ ਜਾ ਵੜਦਾ ਤੇ ਜਾਂਦਾ-ਜਾਂਦਾ ਆਪਣੀ ਪਛਾਣ ਵੀ ਦੱਸ ਕੇ ਖ਼ੁਫ਼ੀਆ ਤੰਤਰ ਨੂੰ ਹੱਥਾਂ ਪੈਰਾਂ ਦੀ ਪਾ ਕੇ ਸ਼ਰਮਿੰਦਾ ਕਰ ਜਾਂਦਾ। ਬਾਬਾ ਭਕਨਾ ਸਰਾਭੇ ਦੀ ਬੇਖ਼ੌਫ਼ ਸ਼ਖ਼ਸੀਅਤ ਬਾਰੇ ਲਿਖਦੇ ਹਨ, 'ਜਦੋਂ ਮੈਨੂੰ ਲੁਧਿਆਣੇ ਜੇਲ੍ਹ ਤੋਂ ਪੁਲੀਸ ਦੇ ਪਹਿਰੇ ਵਿਚ ਟਾਂਗੇ 'ਤੇ ਬਿਠਾ ਕੇ ਸਟੇਸ਼ਨ ਵੱਲ ਲਿਜਾਇਆ ਜਾ ਰਿਹਾ ਸੀ ਤਾਂ ਪਿਛੋਂ ਸਾਈਕਲ 'ਤੇ ਕਰਤਾਰ ਸਿੰਘ ਸਰਾਭਾ ਆ ਮਿਲਿਆ। ਉਹ ਖ਼ਤਰੇ ਵੇਲੇ ਸਭ ਤੋਂ ਅੱਗੇ ਰਹਿੰਦਾ ਸੀ। ਉਹ ਫੌਜੀ ਪਲਟਨਾਂ ਵਿਚ ਨਿਧੜਕ ਹੋ ਕੇ ਜਾਂਦਾ ਅਤੇ ਬਗੈਰ ਕਿਸੇ ਡਰ ਦੇ ਫੌਜੀਆਂ ਨੂੰ ਪ੍ਰੇਰਦਾ। ਉਹਦੀ ਇਸ ਨਿਡਰਤਾ ਦਾ ਫੌਜੀਆਂ ਉਤੇ ਏਨਾ ਅਸਰ ਹੁੰਦਾ ਕਿ ਉਹ ਅਜ਼ਾਦੀ ਦੀ ਜੰਗ ਵਿਚ ਸ਼ਾਮਲ ਹੋਣ ਲਈ ਫੌਰਨ ਤਿਆਰ ਹੋ ਜਾਂਦੇ। ਮੈਂ ਕਰਤਾਰ ਸਿੰਘ ਸਰਾਭਾ ਨੂੰ ਦਸਿਆ ਕਿ ਮੇਰਾ ਚਲਾਨ ਡਿਸਟ੍ਰਿਕਟ ਜੇਲ੍ਹ ਮੁਲਤਾਨ ਵਿਚ ਹੋ ਗਿਆ ਹੈ ਤੇ ਤੁਸੀਂ ਜਾਉ।'

ਇਕ ਵਾਰ ਕਰਤਾਰ ਸਿੰਘ ਸਰਾਭਾ ਤੇ ਮਨੁਸ਼ਾ ਸਿੰਘ ਦੁਖੀ ਜਲੰਧਰ ਰੇਲਵੇ ਸਟੇਸ਼ਨ 'ਤੇ ਉਤਰੇ। ਭੁੱਖ ਲੱਗੀ ਹੋਈ ਸੀ। ਨੇੜੇ ਹੀ ਕਿਸੇ ਥਾਣੇਦਾਰ ਦਾ ਘਰ ਸੀ। ਕਰਤਾਰ ਕਹਿੰਦਾ, "ਚਲੋ! ਰੋਟੀ ਥਾਣੇਦਾਰ ਦੇ ਘਰੋਂ ਖਾ ਚੱਲਦੇ ਹਾਂ।" ਦੁਖੀ ਨੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸਰਾਭੇ ਨੇ ਉਹਦਾ ਹੱਥ ਕੱਸ ਕੇ ਫੜ ਲਿਆ ਤੇ ਦਰਵਾਜ਼ਾ ਖੜਕਾ ਦਿੱਤਾ। ਥਾਣੇਦਾਰ ਦੇ ਘਰ ਜਾ ਵੜੇ। ਉਹਨਾਂ ਦਿਨਾਂ ਵਿਚ ਬਿਨਾਂ ਜਾਣ-ਪਛਾਣ ਦੇ, ਆਏ-ਗਏ, ਲੰਘਦੇ-ਵੜਦੇ ਰਾਹਗੀਰਾਂ ਦੀ ਵੀ ਮਹਿਮਾਨਾਂ ਵਾਂਗ ਕਦਰ ਕੀਤੀ ਜਾਂਦੀ ਸੀ। ਪਰਿਵਾਰ ਨੇ ਆਏ ਰਾਹਗੀਰਾਂ ਨੂੰ ਬੜੀ ਇੱਜ਼ਤ ਨਾਲ ਪ੍ਰਸ਼ਾਦਾ ਛਕਾਇਆ। ਰੋਟੀ-ਪਾਣੀ ਛਕ ਕੇ ਜਦੋਂ ਉਹ ਘਰੋਂ ਬਾਹਰ ਨਿਕਲੇ ਤਾਂ ਮੁਨਸ਼ਾ ਸਿੰਘ ਦੁਖੀ ਦੀ ਜਾਨ ਵਿਚ ਜਾਨ ਆਈ। ਉਸਨੇ ਕਰਤਾਰ ਨੂੰ ਬਿਨਾ-ਵਜ੍ਹਾ ਜਾਨ-ਜੋਖੋਂ ਵਿਚ ਪਾਉਣ ਵਾਲੀ ਅਜਿਹੀ ਖ਼ਤਰਿਆਂ ਭਰੀ ਦਲੇਰੀ ਕਰਨ ਤੋਂ ਵਰਜਿਆ ਤਾਂ ਕਰਤਾਰ ਸਿੰਘ ਨੇ ਹੱ ਸਕੇ ਗਾਉਣਾ ਸ਼ੁਰੂ ਕਰ ਦਿੱਤਾ, 'ਅਸੀਂ ਫ਼ਾਂਸੀਏ ਲਟਕਣਾ' ਦੁਖੀ ਜੀ, 'ਦੇਸ਼ ਨੂੰ ਆਜ਼ਾਦ ਕਰਨਾ'।

ਅਸਲ ਵਿਚ ਭਾਰਤ ਵਿਚ ਆ ਕੇ ਗ਼ਦਰ ਕਰਨ ਵਾਲੇ ਬਾਬਾ ਸੋਹਨ ਸਿੰਘ ਭਕਨਾ ਵਰਗੇ ਕੁਝ ਸੀਨੀਅਰ ਸਾਥੀਆਂ ਦੇ ਗ੍ਰਿਫ਼ਤਾਰ ਹੋ ਜਾਣ ਉਪਰੰਤ ਕਰਤਾਰ ਸਿੰਘ ਸਰਾਭਾ ਹੀ ਗ਼ਦਰ ਲਹਿਰ ਦੇ ਸਰਵਉੱਚ ਆਗੂ ਵਜੋਂ ਉਭਰ ਕੇ ਸਾਹਮਣੇ ਆਇਆ। ਭਾਵੇਂ ਦੂਜੇ ਇਨਕਲਾਬੀ ਉਸਤੋਂ ਉਮਰ ਵਿਚ ਵੱਡੇ ਸਨ ਤਦ ਵੀ ਅਠਾਰਾਂ ਉੱਨੀ ਸਾਲ ਦਾ ਇਹ ਨੌਜਵਾਨ ਆਪਣੀ ਸਮਰੱਥਾ, ਸਿਆਣਪ, ਸਿਰੜ੍ਹ, ਸਿਦਕ, ਸੰਵੇਦਨਸ਼ੀਲਤਾ, ਸਵੈਭਰੋਸੇ, ਸੂਰਮਗਤੀ ਤੇ ਕੁਰਬਾਨ ਹੋ ਜਾਣ ਦੇ ਬੇਖ਼ੌਫ਼ ਜਜ਼ਬੇ ਦੀ ਬਦੌਲਤ ਛੇਤੀ ਹੀ ਗ਼ਦਰ ਲਹਿਰ ਦਾ ਕੇਂਦਰੀ ਧੁਰਾ ਤੇ ਪ੍ਰੇਰਨਾ ਸਰੋਤ ਬਣ ਗਿਆ। ਉਸਦੀ ਲੀਡਰਸ਼ਿਪ ਦੀ ਯੋਗਤਾ ਦਾ ਲੋਹਾ ਤਾਂ ਸਚਿੰਦਰ ਨਾਥ ਸਾਨਿਆਲ ਜਿਹੇ ਹੰਢੇ ਵਰਤੇ ਬੰਗਾਲੀ ਇਨਕਲਾਬੀ ਨੇ ਵੀ ਮੰਨ ਲਿਆ ਸੀ।

ਇਹ ਵੀ ਸੱਚ ਹੈ ਕਿ ਅਮਰੀਕਾ ਵਿਚ ਵੀ ਇਹ ਕਰਤਾਰ ਸਿੰਘ ਸਰਾਭਾ ਹੀ ਸੀ ਜਿਹੜਾ ਗ਼ੈਰ-ਪੰਜਾਬੀ ਇਨਕਲਾਬੀ ਨੌਜਵਾਨਾਂ ਨਾਲ ਸੰਪਰਕ ਸਾਧਣ ਤੇ ਉਹਨਾਂ ਵਿਚ ਗ਼ਦਰ ਦਾ ਪਰਚਾਰ ਕਰਨ ਦਾ ਕੰਮ ਵੀ ਕਰਦਾ ਸੀ। ਭਾਰਤ ਆ ਕੇ ਵੀ ਸਰਾਭਾ ਹੀ ਸੀ ਜਿਸਨੇ ਬੰਗਾਲੀ ਤੇ ਹੋਰ ਪ੍ਰਾਤਾਂ ਦੇ ਇਨਕਲਾਬੀਆਂ ਨਾਲ ਰਾਬਤਾ ਬਨਾਉਣ ਦਾ ਉੱਦਮ ਕੀਤਾ। ਸੁਰਿੰਦਰ ਨਾਥ ਬੈਨਰ ਜੀ ਵਰਗੇ ਬੰਗਾਲੀ ਇਨਕਲਾਬੀ ਨੇ ਸਰਾਭੇ ਦੀ ਹਿੰਮਤ ਤੇ ਉਤਸ਼ਾਹ ਵੇਖ ਕੇ ਕਿਹਾ ਸੀ, "ਤੂੰ ਆਪਣੇ ਸੰਕਲਪ ਤੇ ਹਿੰਮਤ ਅਨੁਸਾਰ ਕੰਮ ਕਰਦਾ ਜਾ, ਬੰਗਾਲ ਤਾਂ ਸਹੀ ਸਮੇ 'ਤੇ ਤੁਹਾਡੀ ਸਹਾਇਤਾ ਕਰੇਗਾ ਹੀ।" ਸਰਾਭੇ ਦੀ ਹਿੰਮਤ ਤੇ ਦ੍ਰਿੜ੍ਹਤਾ ਕੰਮ ਆਈ ਤੇ ਆਖ਼ਰਕਾਰ ਸਚਿੰਦਰ ਨਾਥ ਸਾਨਿਆਲ ਸਰਾਭੇ ਹੁਰਾਂ ਦੇ ਬੁਲਾਵੇ ਤੇ ਜਲੰਧਰ ਆਇਆ। ਉਥੇ ਕਰਤਾਰ ਸਿੰਘ ਸਰਾਭਾ, ਪ੍ਰਿਥੀ ਸਿੰਘ, ਅਮਰ ਸਿੰਘ ਤੇ ਰਾਮ ਰੱਖਾ ਆਦਿ ਗ਼ਦਰੀ ਹਾਜ਼ਰ ਸਨ। ਸਾਨਿਆਲ ਨੇ ਜਦੋਂ ਇਹ ਜਾਨਣਾ ਚਾਹਿਆ ਕਿ ਉਹਨਾਂ ਦਾ ਲੀਡਰ ਕੌਣ ਹੈ ਕਿਉਂਕਿ ਉਹ ਉਸ ਲੀਡਰ ਨਾਲ ਹੀ ਗੱਲ-ਬਾਤ ਕਰਨੀ ਚਾਹੁੰਦਾ ਹੈ ਤਾਂ ਅਮਰ ਸਿੰਘ ਨੇ ਕਿਹਾ, "ਸੱਚ ਪੁੱਛੋ ਤਾਂ ਸਾਡਾ ਅਸਲੀ ਨੇਤਾ ਹੈ ਹੀ ਨਹੀਂ। ਏਸੇ ਲਈ ਸਾਨੂੰ ਰਾਸ ਬਿਹਾਰੀ ਬੋਸ ਦੀ ਲੋੜ ਹੈ। ਸਾਡੇ ਵਿਚੋਂ ਕਿਸੇ ਨੂੰ ਵੀ ਵਿਸ਼ੇਸ਼ ਜਾਣਕਾਰੀ ਨਹੀਂ ਏ। ਏਸੇ ਕਰਕੇ ਸਾਡੇ ਕੰਮ ਕਰਨ ਦਾ ਕੋਈ ਸਿਲਸਿਲਾ ਨਹੀਂ ਬਣ ਰਿਹਾ। ਸਾਨੂੰ ਬੰਗਾਲ ਤੋਂ ਸਹਾਇਤਾ ਦੀ ਲੋੜ ਹੈ।" ਕਰਤਾਰ ਸਿੰਘ ਨੇ ਵੀ ਇਸ ਗੱਲ ਦੀ ਹਾਮੀ ਭਰੀ ਪਰ ਨਾਲ ਹੀ ਅਮਰ ਸਿੰਘ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, "ਦੇਖੋ ਭਾਈ ਏਦਾਂ ਹਿੰਮਤ ਕਿਉਂ ਹਾਰਦੇ ਓ? ਜਦੋ ਲੋੜ ਪਈ ਤਾਂ ਦੇਖਿਓ ਤੁਹਾਡੇ ਵਿਚੋਂ ਹੀ ਕਿੰਨਿਆਂ ਨੇ ਛੁਪੇ ਰੁਸਤਮ ਨਿਕਲ ਆਉਣਾ ਹੈ।"

ਸਰਾਭੇ ਦੇ ਵਿਹਾਰ ਤੇ ਵਿਚਾਰਾਂ ਤੋਂ ਸਾਨਿਆਲ ਨੇ ਅਨੁਮਾਨ ਲਾ ਲਿਆ ਸੀ ਕਿ 'ਜੇਕਰ ਇਹਨਾਂ ਵਿਚ ਸੱਚੀਂ ਕੋਈ ਕੰਮ ਕਰਨ ਵਾਲਾ ਹੈ ਤਾਂ ਉਹ ਕਰਤਾਰ ਸਿੰਘ ਹੈ। ਮੈਂ ਉਸ ਵਿਚ ਜਿਸਤਰ੍ਹਾਂ ਦਾ ਆਤਮ-ਵਿਸ਼ਵਾਸ਼ ਵੇਖਿਆ, ਉਸਤਰ੍ਹਾਂ ਦਾ ਆਤਮ-ਵਿਸ਼ਵਾਸ ਨਾ ਹੋਣ 'ਤੇ ਕੋਈ ਵੀ ਵਿਅਕਤੀ ਵੱਡਾ ਕਾਰਜ ਨਹੀਂ ਕਰ ਸਕਦਾ।'

ਸੋ ਗ਼ਦਰੀਆਂ ਵਿਚ ਉਹ 'ਛੁਪਿਆ ਰੁਸਤਮ' ਕਰਤਾਰ ਸਿੰਘ ਸਰਾਭਾ ਹੀ ਸੀ, ਜਿਸਨੇ ਛੇਤੀ ਹੀ ਆਪਣੀ ਸਿਆਣਪ, ਹੌਸਲੇ ਤੇ ਦੂਰਦਰਸ਼ਤਾ ਨਾਲ ਸਾਥੀਆਂ ਦਾ ਭਰੋਸਾ ਜਿੱਤ ਲਿਆ ਤੇ ਛੋਟੀ ਉਮਰ ਦੇ ਬਾਵਜੂਦ ਗ਼ਦਰ ਲਹਿਰ ਦੇ ਵੱਡੇ ਆਗੂ ਵਜੋਂ ਸਥਾਪਤ ਹੋ ਗਿਆ। ਸਾਨਿਆਲ ਅਨੁਸਾਰ, 'ਹਾਲਾਂਕਿ ਇਹ ਸਿੱਖਾਂ ਵਿਚੋਂ ਸਭ ਤੋਂ ਘੱਟ ਉਮਰ ਦੇ ਸਨ ਪਰ ਮੈਂ ਇਹਨਾਂ ਦੇ ਹੇਠ ਕਿੰਨੇ ਹੀ ਵੱਡੀ ਉਮਰ ਦੇ ਸਿੱਖਾਂ ਨੂੰ ਕੰਮ ਕਰਦਿਆਂ ਵੇਖਿਆ।' ਭਾਈ ਰਣਧੀਰ ਸਿੰਘ ਨਿਰਸੰਦੇਹ ਉਸਤੋਂ ਉਮਰ ਵਿਚ ਵੱਡੇ ਤੇ ਵੱਧ ਤਾਲੀਮ-ਯਾਫ਼ਤਾ ਸਨ ਪਰ ਉਹਨਾਂ ਵੀ 19 ਫਰਵਰੀ ਨੂੰ ਆਪਣੇ ਜੱਥੇ ਸਮੇਤ ਗ਼ਦਰ ਸ਼ੁਰੂ ਕਰਨ ਲਈ ਫ਼ੀਰੋਜ਼ਪੁਰ ਛਾਉਣੀ ਪਹੁੰਚਣ ਦਾ ਸਰਾਭੇ ਦਾ ਆਦੇਸ਼ ਮੰਨਣ ਵਿਚ ਰਾਈ ਭਰ ਵੀ ਹਿਚਕਚਾਹਟ ਨਹੀਂ ਸੀ ਵਿਖਾਈ। ਬਾਬਾ ਸੋਹਨ ਸਿੰਘ ਭਕਨਾ ਤਾਂ ਉਸਨੂੰ ਸਦਾ 'ਮੇਰਾ ਜਰਨੈਲ' ਕਹਿ ਕੇ ਯਾਦ ਕਰਦੇ ਸਨ। ਨਿਰਸੰਦੇਹ ਉਹ ਅਜਿਹਾ ਕਿਸੇ ਭਾਵੁਕ ਆਵੇਸ਼ ਅਧੀਨ ਨਹੀਂ ਸਨ ਆਖਦੇ ਸਗੋਂ ਸਰਾਭੇ ਦੇ 'ਜਰਨੈਲੀ ਗੁਣਾਂ' ਦੀ ਵਡਿਆਈ ਹੀ ਬਾਬਾ ਜੀ ਨੂੰ ਇਹ ਵਿਸ਼ੇਸ਼ਣ ਦੇਣ ਲਈ ਹੁਲਾਰਦੀ ਸੀ। ਬਾਬਾ ਜੀ ਲਿਖਦੇ ਹਨ,

'ਉਸ ਵਿਚ ਪੂਰਨ ਇਨਸਾਨੀ ਸਿਫ਼ਤਾਂ ਸਨ। ਮੈਂ ਖ਼ਿਆਲ ਕਰਦਾ ਹਾਂ ਕਿ ਦੁਨੀਆਂ ਦੇ ਇਤਿਹਾਸ ਵਿਚ ਏਨੀਂ ਛੋਟੀ ਉਮਰ (19 ਸਾਲ) ਵਿਚ ਸ਼ਾਇਦ ਹੀ ਕੋਈ ਜਰਨੈਲ ਮਿਲੇ ਜੋ ਕਰਤਾਰ ਸਿੰਘ ਦਾ ਸਾਨੀ ਹੋਵੇ।'

ਬਾਬਾ ਜੀ ਤਾਂ ਇਹ ਵੀ ਆਖਦੇ ਹਨ ਕਿ ਅਮਰੀਕਾ ਵਿਚ ਲਾਲਾ ਹਰਦਿਆਲ ਨੂੰ ਗ਼ਦਰ ਲਹਿਰ ਨਾਲ ਜੋੜਨ ਵਿਚ ਵੀ ਸਰਾਭੇ ਦਾ ਹੀ ਯੋਗਦਾਨ ਸੀ। ਉਹਨਾਂ ਦਾ ਕਥਨ ਹੈ, 'ਸੱਚ ਤਾਂ ਇਹ ਹੈ ਕਿ ਲਾਲਾ ਹਰਦਿਆਲ ਨੂੰ ਇਨਕਲਾਬ ਦੇ ਰਸਤੇ ਉਤੇ ਲਾਉਣ ਵਾਲਾ ਕਰਤਾਰ ਸਿੰਘ ਹੀ ਸੀ। ਉਹ ਹੀ ਹਰਦਿਆਲ ਨੂੰ ਇਸ ਕੰਮ ਵੱਲ ਲਿਆਇਆ ਸੀ ਅਤੇ ਆਪਣੇ ਨਾਲ ਲਾਇਆ ਸੀ।"

ਜੇ ਇਹ ਗੱਲ ਠੀਕ ਹੈ, ਤੇ ਜੇ ਬਾਬਾ ਭਕਨਾ ਇਹ ਤੱਥ ਪੁਸ਼ਟ ਕਰ ਰਹੇ ਹਨ ਤਾਂ ਇਸ ਵਿਚ ਸ਼ੱਕ ਦੀ ਗੁੰਜਾਇਸ਼ ਰਹਿ ਹੀ ਨਹੀਂ ਜਾਂਦੀ, ਤਾਂ ਸਾਫ਼ ਜ਼ਾਹਿਰ ਹੈ ਕਿ ਗ਼ਦਰ ਪਾਰਟੀ ਦੀ ਸਥਾਪਨਾ ਦੇ ਪਹਿਲੇ ਦਿਨਾਂ ਤੋਂ ਹੀ ਉਸ ਮੁੱਛ-ਫੁੱਟ ਗੱਭਰੂ ਨੇ ਆਪਣੀ ਆਗੂ-ਹੋਂਦ ਨੂੰ ਸਥਾਪਤ ਕਰ ਲਿਆ ਸੀ। ਬਾਬਾ ਜੀ ਦਾ ਹਵਾਲਾ ਇਹ ਸਾਬਤ ਕਰਦਾ ਹੈ ਕਿ ਕਰਤਾਰ ਸਿੰਘ ਲਾਲਾ ਜੀ ਨਾਲ ਕੰਮ ਕਰਨ ਲਈ ਨਹੀਂ ਲੱਗਾ ਸਗੋਂ ਉਹਨੇ ਲਾਲਾ ਜੀ ਨੂੰ ਆਪਣੇ ਨਾਲ ਰਲ ਕੇ ਕੰਮ ਕਰਨ ਲਈ ਲਾਇਆ ਸੀ। 'ਆਪਣੇ ਨਾਲ ਕੰਮ ਕਰਨ ਲਾਉਣ' ਤੋਂ ਭਾਵ ਏਥੇ 'ਗ਼ਦਰ' ਅਖ਼ਬਾਰ ਨੂੰ ਛਾਪਣ ਦੀ ਸ਼ੁਰੂਆਤ ਕਰਨ ਵਾਸਤੇ ਲਾਲਾ ਜੀ ਲਈ ਪ੍ਰੇਰਕ ਬਣਨ ਤੋਂ ਹੈ।

ਉਸਦੀ ਏਸੇ ਆਗੂ ਪ੍ਰਤਿਭਾ ਦਾ ਜ਼ਿਕਰ ਸਰਾਭੇ ਹੁਰਾਂ ਦਾ ਸਾਥੀ ਚੈਂਚਈਆ ਆਪਣੀ ਹੱਥ-ਲਿਖਤ ਵਿਚ ਵਾਰ ਵਾਰ ਕਰਦਾ ਹੈ। ਉਸਦਾ ਵਿਚਾਰ ਹੈ ਕਿ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਚਲੇ ਜਾਣ ਤੋਂ ਬਾਅਦ ਲੀਡਰਸ਼ਿਪ ਦਾ ਖ਼ਿਲਾਅ ਪੈਦਾ ਹੋ ਗਿਆ ਸੀ। ਦੂਜੇ ਗ਼ਦਰੀ ਸੂਰਬੀਰ ਲੜਾਕੂ ਜਜ਼ਬੇ ਤੇ ਕੁਰਬਾਨੀ ਕਰਨ ਦੇ ਗੁਣਾਂ ਨਾਲ ਤਾਂ ਭਰਪੂਰ ਸਨ ਪਰ ਉਹਨਾਂ ਵਿਚ ਕਿਸੇ ਲਹਿਰ ਨੂੰ ਵਿਧੀਵਤ ਢੰਗ ਨਾਲ ਚਲਾਉਣ ਲਈ ਲੋੜੀਂਦੀ ਬੁੱਧੀਮਤਾ ਤੇ ਸਮਰੱਥਾ ਦੀ ਘਾਟ ਸੀ ਤੇ ਉਹ ਖੁਦ ਵੀ ਇਸਤੋਂ ਜਾਣੂ ਸਨ। ਏਸੇ ਕਰਕੇ ਉਹਨਾਂ ਨੇ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਚਲੇ ਜਾਣ ਤੋਂ ਬਾਅਦ ਯੁਗਾਂਤਰ ਆਸ਼ਰਮ ਦੀ ਵਾਗ-ਡੋਰ ਕਿਸੇ ਅਜਿਹੇ ਹੀ ਯੋਗ ਆਗੂ ਨੂੰ ਸੌਂਪਣ ਲਈ ਸੋਚਣਾ ਸ਼ੁਰੂ ਕੀਤਾ। ਬੜੀ ਸੋਚ-ਵਿਚਾਰ ਪਿੱਛੋਂ ਰਾਮ ਚੰਦਰ ਨੂੰ ਇਹ ਸੇਵਾ ਦਿੱਤੀ ਗਈ। ਚੈਂਚਈਆ ਅਨੁਸਾਰ ਸਰਾਭਾ ਗ਼ਦਰੀਆਂ ਵਿਚੋਂ ਸਭ ਤੋਂ ਵੱਧ ਖਾੜਕੂ ਤੇ ਬੁੱਧੀਮਾਨ ਲੀਡਰ ਸੀ। ਉਸਦਾ ਅਨੁਮਾਨ ਹੈ ਕਿ ਸਹੀ ਅਰਥਾਂ ਵਿਚ ਬੁੱਧੀਮਾਨ ਤੇ ਆਗੂ ਗੁਣਾਂ ਨਾਲ ਭਰਪੂਰ ਹੋਣ ਦੇ ਬਾਵਜੂਦ ਉਮਰੋਂ ਬਹੁਤ ਛੋਟਾ ਹੋਣ ਕਰਕੇ ਹੀ ਸ਼ਾਇਦ ਕਰਤਾਰ ਸਿੰਘ ਸਰਾਭੇ ਨੂੰ ਮੁੱਖ ਆਗੂ ਨਾ ਬਣਾਇਆ ਗਿਆ। ਉਸਦੇ ਸ਼ਬਦ ਹਨ: 'ਕਰਤਾਰ ਸਿੰਘ ਸਰਾਭਾ ਹਰਦਿਆਲ ਤੋਂ ਬਾਅਦ ਆਗੂ ਦੀ ਭੂਮਿਕਾ ਨਿਭਾਅ ਸਕਦਾ ਸੀ। ਪਰੰਤੂ ਉਹ ਅਜੇ ਬਹੁਤ ਘੱਟ ਉਮਰ ਹੋਣ ਕਰਕੇ ਪਾਰਟੀ ਦੀ ਕਮਾਂਡ ਸੰਭਾਲਣ ਦੇ ਯੋਗ ਨਹੀਂ ਸੀ...ਇਸ ਸਮੇਂ ਰਾਮ ਚੰਦਰ ਸਾਡੀ ਲਹਿਰ ਨੂੰ ਅਗਵਾਈ ਦੇਣ ਦੇ ਸਮਰੱਥ ਨਹੀਂ ਸੀ। ਮੈਨੂੰ ਠੀਕ ਇਹ ਲੱਗਦਾ ਸੀ ਕਿ ਲੀਡਰਸ਼ਿਪ ਉਸ ਵਕਤ ਕਰਤਾਰ ਸਿੰਘ ਜਾਂ ਪਾਰਟੀ ਨਾਲ ਮੁਢੋਂ ਜੁੜੇ ਅਗੂਆਂ ਹੱਥ ਹੋਣੀ ਚਾਹੀਦੀ ਸੀ।' ਵਾਰ ਵਾਰ ਚੈਂਚਈਆ ਵੱਲੋਂ ਕਰਤਾਰ ਸਿੰਘ 'ਤੇ ਪਾਰਟੀ ਦੀ ਕਮਾਂਡ ਸੰਭਾਲਣ ਦਾ

ਗੁਣਾਂ ਪਾਉਣਾ ਦੱਸਦਾ ਹੈ ਕਿ ਉਹਦੇ ਸਾਥੀ ਉਹਦੀ ਆਗੂ ਪ੍ਰਤਿਭਾ ਦਾ ਕਿਵੇਂ ਸਨਮਾਨ ਕਰਦੇ ਸਨ। ਤੇ ਇਤਿਹਾਸ ਦੇ ਜਾਣਕਾਰਾਂ ਨੂੰ ਇਹ ਤਾਂ ਪਤਾ ਹੀ ਹੈ ਕਿ ਰਾਮ ਚੰਦਰ ਦੀ ਚੋਣ ਕਿੰਨੀ ਗ਼ਲਤ ਸਾਬਤ ਹੋਈ ਤੇ ਆਉਣ ਵਾਲੇ ਸਮੇਂ ਵਿਚ ਉਹਦੇ ਕਿਰਦਾਰ ਨੇ ਲਹਿਰ ਨੂੰ ਕਿੰਨੀ ਵੱਡੀ ਸੱਟ ਮਾਰੀ।

ਸਰਾਭੇ ਦੀ ਇਸੇ ਜਰਨੈਲੀ ਪ੍ਰਤਿਭਾ ਨੇ ਹੀ ਉਸਨੂੰ ਅੰਗਰੇਜ਼ ਹਕੂਮਤ ਦੀਆਂ ਨਜ਼ਰਾਂ ਵਿਚ 'ਸਭ ਤੋਂ ਖ਼ਤਰਨਾਕ ਬਾਗ਼ੀ' ਬਣਾ ਦਿੱਤਾ। ਸਰਕਾਰ ਦੀਆਂ ਨਜ਼ਰਾਂ ਵਿਚ ਉਸਦੇ 'ਏਨੇ ਖ਼ਤਰਨਾਕ' ਹੋਣ ਬਾਰੇ ਥੋੜਾ ਕੁ ਵੇਰਵਾ ਦੇਣਾ ਕੁਥਾਂ ਨਹੀਂ ਹੋਵੇਗਾ। 13 ਸਤੰਬਰ 1915 ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਫ਼ੈਸਲਾ ਸੁਣਾਉਂਦਿਆਂ 24 ਦੇਸ਼-ਭਗਤਾਂ ਨੂੰ ਫ਼ਾਂਸੀ ਤੇ 26 ਨੂੰ ਉਮਰ-ਕੈਦ ਤੇ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮੁਕੱਦਮੇ ਦੀ ਇਸ ਮਿਸਲ ਨੂੰ ਪਿੱਛੋਂ ਵਾਇਸਰਾਏ ਹਾਰਡਿੰਗ ਨੇ ਨਜ਼ਰਸਾਨੀ ਲਈ ਕੇਸ ਆਪਣੀ ਨਾਮਜ਼ਦ ਕੌਂਸਲ ਨੂੰ ਭੇਜ ਦਿੱਤਾ। ਵਾਇਸਰਾਏ ਵੱਲੋਂ ਨਾਮਜ਼ਦ ਕੌਂਸਲ ਦੇ ਮੈਂਬਰਾਂ ਵਿਚੋਂ ਹੋਮ ਡਿਪਾਰਟਮੈਂਟ ਦੇ ਮੈਂਬਰ ਸਰ ਕਰੈਡਰਾਕ ਨੇ ਪੰਜ ਹੋਰ ਦੇਸ਼ਭਗਤਾਂ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ-ਕੈਦ ਵਿਚ ਤਬਦੀਲ ਕਰਨ ਦੀ ਸਿਫ਼ਾਰਸ਼ ਕੀਤੀ ਪਰ ਸਰਾਭੇ ਬਾਰੇ ਲਿਖਿਆ, '(ਇਹ) ਭਾਵੇਂ ਨੌਜਵਾਨ ਹੈ ਪਰ ਇਹ ਸਾਰੇ ਸਾਜ਼ਸ਼ੀਆਂ ਵਿਚੋਂ ਅੱਤ ਮਹੱਤਵਪੂਰਨ ਵਿਅਕਤੀਆਂ ਵਿਚੋਂ ਇੱਕ ਹੈ ਅਤੇ ਅਦਾਲਤ ਨੇ ਇਸਨੂੰ ਸਰਾਸਰ ਬੇਕਿਰਕ ਸ਼ੈਤਾਨ, ਜੋ ਆਪਣੀਆਂ ਕਰਤੂਤਾਂ 'ਤੇ ਫ਼ਖ਼ਰ ਕਰਦਾ ਹੈ, ਕਹਿ ਕੇ ਆਪਣੀ ਰਾਇ ਦਿੱਤੀ ਹੈ, ਭਾਵ ਇਹ ਕਿ ਇਸਦੀ ਸਜ਼ਾ ਘਟਾਉਣ ਦੀ ਤਾਂ ਗੱਲ ਕਰਨੀ ਵੀ ਨਹੀਂ ਬਣਦੀ।'

ਕਾਨੂੰਨੀ ਸਲਾਹਕਾਰ ਸਰ ਅਲੀ ਅਮਾਮ ਨੇ ਸਰ ਕਰੈਡਰਾਕ ਵੱਲੋਂ ਪੰਜ ਗ਼ਦਰੀਆਂ ਦੀ ਸਜ਼ਾ ਬਦਲਣ ਨਾਲ ਸਹਿਮਤੀ ਦਿੰਦਿਆਂ ਬਾਰਾਂ ਹੋਰ ਗ਼ਦਰੀਆਂ ਦੀ ਸਜ਼ਾ ਘਟਾਉਣ ਦੀ ਸਿਫ਼ਾਰਸ਼ ਕੀਤੀ। ਸਜ਼ਾ ਘਟਾਏ ਜਾਣ ਵਾਲੇ ਦੇਸ਼-ਭਗਤਾਂ ਵਿਚ ਕਰਤਾਰ ਸਿੰਘ ਸਰਾਭਾ ਦਾ ਨਾਂ ਉਸਨੇ ਇਸ ਟਿੱਪਣੀ ਨਾਲ ਸ਼ਾਮਲ ਕੀਤਾ, 'ਮੈਂ ਇਸਦੀ ਅੱਲੜ੍ਹ ਅਵਸਥਾ ਬਾਰੇ ਸੁਚੇਤ ਹਾਂ। ਜੇ ਕਿਤੇ ਉਸਦੀ ਇਹ ਅੱਲੜ੍ਹ ਅਵਸਥਾ ਨਾ ਹੁੰਦੀ ਤਾਂ ਮੈਂ ਉਸਨੂੰ ਫ਼ਾਂਸੀ ਦਾ ਪੂਰਾ ਹੱਕਦਾਰ ਮਿਥਣ ਵਿਚ ਕੋਈ ਵੀ ਹਿਚਕਚਾਹਟ ਮਹਿਸੂਸ ਨਾ ਕਰਦਾ।'

ਕੌਂਸਲ ਦੇ ਹੋਰ ਮੈਂਬਰਾਂ ਵਿਚੋਂ ਬੀ ਡੱਫ਼, ਡਬਲਿਊ ਐਚ ਕਲਾਰਕ ਤੇ ਡਬਲਿਊ ਐੱਸ ਮਾਇਰ ਨੇ ਸਰਾਭੇ ਨੂੰ ਫ਼ਾਂਸੀ ਦੀ ਸਜ਼ਾ ਦੇਣ ਦੀ ਤਈਦ ਕੀਤੀ। ਸੀ ਐਚ ਏ ਹਿੱਲ ਨੇ ਕਰਤਾਰ ਸਿੰਘ ਦੀ ਸਜ਼ਾ ਨੂੰ ਕੇਵਲ ਰਹਿਮ ਦੀ ਬਿਨਾ 'ਤੇ ਘੱਟ ਕਰਨ ਦੀ ਤਜ਼ਵੀਜ਼ ਉਸਦੀ ਅੱਲੜ੍ਹ ਉਮਰ ਨੂੰ ਧਿਆਨ ਵਿਚ ਰੱਖਦਿਆਂ ਪੇਸ਼ ਕੀਤੀ ਕਿਉਂਕਿ ਇਸ ਉਮਰ ਵਿਚ ਨੌਜਵਾਨ ਨੂੰ ਕਿਸੇ ਦਿਰੜ੍ਹ ਇਰਾਦੇ ਵਾਲੇ ਬੰਦੇ ਵੱਲੋਂ ਵਰਗਲਾਏ ਜਾ ਸਕਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਪਰ ਸਰ ਕਰੈਡਰਾਕ ਨੇ ਇਸਤੇ ਬੜੀ ਸਖ਼ਤ ਟਿੱਪਣੀ ਕਰਦਿਆਂ ਕਰਤਾਰ ਸਿੰਘ ਨੂੰ ਦੋਸ਼ੀ ਗਰਦਾਨਦਿਆਂ ਕਿਹਾ, 'ਮੈਂ ਪਹਿਲਾਂ ਵੀ ਉਸਨੂੰ ਰਹਿਮ ਦੀ ਬਿਨਾਅ 'ਤੇ ਰਿਆਇਤ ਦੀ ਸਿਫ਼ਾਰਸ਼ ਨਹੀਂ ਕੀਤੀ ਜਿਸ (ਰਹਿਮ) ਦੀ ਉਸਨੇ ਮੰਗ ਵੀ ਨਹੀਂ ਕੀਤੀ। ਪਰ ਮੈਂ ਉਸਦੇ ਕੇਸ ਨੂੰ ਕਈ ਵਾਰ ਪੜ੍ਹਨ ਤੋਂ ਬਾਅਦ ਵੀ ਇਸ ਸਪੱਸ਼ਟ ਨਤੀਜੇ 'ਤੇ ਪਹੁੰਚਿਆ ਹਾਂ ਕਿ ਇਸਦਾ ਕਿਸੇ ਹੋਰ ਦਾ ਅਸਰ ਕਬੂਲਣਾ ਤਾਂ ਕਿਤੇ ਦੂਰ ਦੀ ਗੱਲ ਸੀ, ਇਹ ਤਾਂ ਆਪ ਖ਼ੁਦ ਗ਼ਦਰ ਪਾਰਟੀ ਦੀ ਰੂਹੇ-ਰਵਾਂ ਸੀ।

ਇਹ ਕਰਤਾਰ ਸਿੰਘ ਹੀ ਸੀ ਜਿਸਨੇ ਵਿਦਿਆਰਥੀਆਂ ਨੂੰ ਵਿਗਾੜਿਆ, ਪਿੰਗਲੇ ਨਾਲ ਛਾਉਣੀਆਂ ਵਿਚ ਘੁੰਮਿਆਂ ਅਤੇ ਸਾਜਿਸ਼ ਦੇ ਹਰ ਦੌਰ ਤੇ ਹਰ ਪਹਿਲੂ ਵਿਚ ਇਸਦਾ ਹੱਥ ਸੀ। ਮੈਂ ਇਥੋਂ ਤੱਕ ਕਹਿ ਸਕਦਾ ਹਾਂ ਕਿ ਇਸ ਮੁਕੱਦਮੇ ਦੇ ਅਦਾਲਤ ਵਿਚ ਆਉਣ ਤੋਂ ਪਹਿਲਾਂ ਹੀ ਉਹ ਇਸ ਅਡੰਬਰ ਦੇ ਅਤੀ ਖ਼ਤਰਨਾਕ ਵਿਅਕਤੀ ਵਜੋਂ ਜਾਣਿਆਂ ਜਾਂਦਾ ਸੀ ਅਤੇ ਇਸਦੀ ਸਰਗੋਧੇ ਫੌਜੀ ਰਸਾਲੇ ਤੋਂ ਹੋਈ ਗ੍ਰਿਫ਼ਤਾਰੀ ਨਾਲ ਉਹਨਾਂ ਸਾਰਿਆਂ ਸੁਖ ਦਾ ਸਾਹ ਲਿਆ ਜਿਹੜੇ ਇਸ ਸਾਜਿਸ਼ 'ਚੋਂ ਨਿਕਲਣ ਵਾਲੇ ਸਿੱਟਿਆਂ ਤੋਂ ਵਾਕਫ਼ ਸਨ। ਜਿਨ੍ਹਾਂ ਵਿਚ ਸਰਕਾਰੀ ਫੌਜਾਂ ਵਿਚ ਬਗ਼ਾਵਤ ਦੀ ਪੂਰੀ ਸੰਭਾਵਨਾ ਤੇ ਸਿੰਘਾਪੁਰ ਵਿਚ ਵਾਪਰੇ (ਫੌਜੀ ਬਗ਼ਾਵਤ) ਜਿਹੇ ਕਾਂਡ ਵਾਪਰ ਸਕਦੇ ਸਨ।'

ਮੈਂਬਰਾਂ ਦੀ ਬਹੁਸੰਮਤੀ ਕਿਉਂਕਿ ਸਰਾਭੇ ਨੂੰ ਫ਼ਾਂਸੀ ਦੇਣ ਦੇ ਹੱਕ ਵਿਚ ਸੀ। ਇਸ ਲਈ ਲਾਰਡ ਹਾਰਡਿੰਗ ਨੇ ਵੀ ਉਹਨਾਂ ਦੀ 'ਹਾਂ' ਵਿਚ 'ਹਾਂ' ਮਿਲਾਈ। ਫ਼ਲਸਰੂਪ ਸਰਾਭੇ ਨੂੰ ਛੱਡ ਕੇ ਬਾਕੀ ਤਜਵੀਜ਼-ਸੁਦਾ ਦੇਸ਼-ਭਗਤਾਂ ਦੀ ਸਜ਼ਾ ਘਟਾ ਦਿੱਤੀ ਗਈ।

ਜ਼ਾਹਿਰ ਹੈ ਸਰਾਭੇ ਦੀ 'ਜਰਨੈਲੀ ਪ੍ਰਤਿਭਾ' ਨੂੰ ਦੁਸ਼ਮਣ ਵੀ ਧੁਰ ਅੰਦਰੋਂ ਸਵੀਕਾਰ ਕਰਦਾ ਸੀ। ਪਰ ਇਸ ਵਿਚ ਵੀ ਸ਼ੱਕ ਨਹੀਂ ਕਿ ਕਰਤਾਰ ਸਿੰਘ ਸਰਾਭਾ ਆਪਣੀ ਆਗੂ ਹੈਸੀਅਤ ਦੇ ਬਾਵਜੂਦ ਆਪਣੀ ਸੀਮਾ ਨੂੰ ਪਛਾਣਦਾ ਤੇ ਸਵੀਕਾਰ ਵੀ ਕਰਦਾ ਸੀ। ਉਹ ਚਾਹੁੰਦਾ ਸੀ ਕਿ ਤਜਰਬੇਕਾਰ ਬੰਗਾਲੀ ਇਨਕਲਾਬੀ ਰਾਸ ਬਿਹਾਰੀ ਬੋਸ (ਜਿਹੜਾ ਸਰਾਭੇ ਹੁਰਾਂ ਦੇ ਸੱਦੇ 'ਤੇ ਪੰਜਾਬ ਆ ਗਿਆ ਸੀ) ਛੇਤੀ ਤੋਂ ਛੇਤੀ ਪੰਜਾਬ ਆ ਕੇ ਗ਼ਦਰ ਕਰਨ ਵਿਚ ਉਹਨਾਂ ਦੀ ਅਗਵਾਈ ਕਰੇ। ਉਹ ਸਾਨਿਆਲ ਨੂੰ ਅਕਸਰ ਪੁੱਛਦਾ ਰਹਿੰਦਾ, "ਦਸੋ ਰਾਸ ਬਿਹਾਰੀ ਕਦੋਂ ਆਉਣਗੇ?"

ਰਾਸ ਬਿਹਾਰੀ ਬੋਸ ਨੂੰ ਪਾਰਟੀ ਦੀ ਅਗਵਾਈ ਸੌਂਪਣ ਲਈ ਕਰਤਾਰ ਸਿੰਘ ਵੱਲੋਂ ਜ਼ੋਰ ਦੇ ਕੇ ਬੋਸ ਨੂੰ ਪੰਜਾਬ ਮੰਗਾਉਣ ਦੀ ਹਕੀਕਤ ਦੱਸਦੀ ਹੈ ਕਿ ਕਰਤਾਰ ਸਿੰਘ ਵਿਚ ਇਨਕਲਾਬ ਦੀ ਸਫ਼ਲਤਾ ਪਹਿਲਾ ਨਿਸ਼ਾਨਾ ਸੀ, ਸਾਡੇ ਅੱਜ ਕੱਲ੍ਹ ਦੇ ਆਗੂਆਂ ਵਾਂਗ ਆਪਣੀ ਗੱਦੀ ਤੇ ਪ੍ਰਭੁਤਾ ਬਣਾਈ ਰੱਖਣ ਦੀ ਲਾਲਸਾ ਉਹਦਾ ਨਿਸ਼ਾਨਾ ਹਰਗਿਜ਼ ਨਹੀਂ ਸੀ। ਇਸਤੋਂ ਉਹਦੇ ਸੁਭਾਅ ਦੀ ਨਿਰਮਾਣਤਾ ਦਾ ਝਲਕਾਰਾ ਵੀ ਪੈਂਦਾ ਹੈ ਅਤੇ 'ਹਰ ਗੱਲ ਵਿਚ ਅੱਗੇ ਦਿਸਣ ਦੀ ਲਾਲਸਾ' ਦੀ ਹਉਮੈਂ ਤੋਂ ਮੁਕਤੀ ਦਾ ਪ੍ਰਮਾਣ ਵੀ ਮਿਲਦਾ ਹੈ।

ਕਰਤਾਰ ਸਿੰਘ ਸਰਾਭੇ ਦੇ ਹੋਰ ਗੁਣਾਂ ਵਿਚ ਇਕ ਗੁਣ ਇਹ ਵੀ ਸੀ ਕਿ ਉਹ ਇਕ ਅਣਥੱਕ ਕਾਮਾ ਸੀ। ਉਸਨੂੰ ਨਾ ਦਿਨ ਨੂੰ ਚੈਨ ਸੀ ਨਾ ਰਾਤ ਨੂੰ। ਹਰ ਵੇਲੇ ਪਾਰਟੀ ਦੇ ਪ੍ਰਭਾਵ-ਖੇਤਰ ਨੂੰ ਵੱਡਾ ਕਰਨ ਦੀ ਲਲ੍ਹਕ ਅਧੀਨ ਉਹ ਪਿੰਡ-ਪਿੰਡ, ਸ਼ਹਿਰ-ਸ਼ਹਿਰ ਤੇ ਪ੍ਰਾਂਤ ਦਰ ਪ੍ਰਾਂਤ ਦੇ ਚੱਕਰ ਲਾਉਂਦਾ ਰਹਿੰਦਾ। ਸਰਾਭੇ ਦੀ ਕੰਮ ਕਰਨ ਦੀ ਅਥਾਹ ਸਮਰੱਥਾ ਦਾ ਜ਼ਿਕਰ ਉਹਦੇ ਸੀਨੀਅਰ ਯੁੱਧ-ਸਾਥੀ ਵੀ ਬੜੇ ਉਤਸ਼ਾਹ ਨਾਲ ਕਰਦੇ ਹਨ। ਬਾਬਾ ਸੋਹਨ ਸਿੰਘ ਭਕਨਾ ਅਨੁਸਾਰ, "ਮੁੱਖ ਸੰਪਾਦਕ ਲਾਲਾ ਹਰਦਿਆਲ ਉਰਦੂ ਵਿਚ ਲਿਖਦੇ ਸਨ ਤੇ ਪੰਜਾਬੀ ਵਿਚ ਉਲੱਥਾ ਕਰਤਾਰ ਸਿੰਘ ਸਰਾਭਾ ਕਰਦਾ ਸੀ। ਛਾਪੇ ਦੀ ਹੈਂਡ ਮਸ਼ੀਨ ਉਹ ਆਪਣੇ ਹੱਥੀਂ ਚਲਾਉਂਦਾ ਸੀ। ਸ਼ੁਰੂ ਸ਼ੁਰੂ ਵਿਚ ਯੁਗਾਂਤਰ ਆਸ਼ਰਮ ਦਾ ਸਾਰਾ ਕੰਮ ਕਰਤਾਰ ਸਿੰਘ ਦੇ ਸਿਰ 'ਤੇ ਹੀ ਰਿਹਾ। ਕਈ ਹਫ਼ਤੇ ਪਿਛੋਂ ਦੂਸਰੇ ਸਾਥੀ ਸਹਾਇਤਾ ਲਈ ਭੇਜੇ ਗਏ। ਉਸ ਨੂੰ ਰਾਤ ਦਿਨ ਆਰਾਮ ਦੀ

ਕਦੀ ਨਾ ਸੁਝੀ, ਬਲਕਿ ਜਦ ਸੁਝਦਾ ਸੀ ਤਾਂ ਕੰਮ। ਜਿੰਨਾ ਉਹ ਅਣਥੱਕ ਮਿਹਨਤੀ ਸੀ, ਓਨਾ ਹੀ ਫੁਰਤੀਲਾ ਵੀ ਸੀ।'

ਸਾਨਿਆਲ ਅਨੁਸਾਰ, "ਉਨੀਂ ਦਿਨੀਂ ਕਰਤਾਰ ਸਿੰਘ ਬਹੁਤ ਸਖ਼ਤ ਮਿਹਨਤ ਕਰ ਰਹੇ ਸਨ। ਉਹ ਹਰ ਰੋਜ਼ ਸਾਇਕਲ 'ਤੇ ਪਿੰਡਾਂ ਵਿਚ ਲਗਭਗ 40-50 ਮੀਲ ਦਾ ਚੱਕਰ ਲਾਉਂਦੇ ਸਨ। ਪਿੰਡ ਪਿੰਡ ਕੰਮ ਕਰਨ ਲਈ ਜਾਂਦੇ ਸਨ। ਏਨੀ ਮਿਹਨਤ ਕਰਨ 'ਤੇ ਵੀ ਉਹ ਥੱਕਦੇ ਨਹੀਂ ਸਨ। ਜਿੰਨੀ ਉਹ ਮਿਹਨਤ ਕਰਦੇ, ਉਨੀਂ ਹੀ ਉਨ੍ਹਾਂ ਵਿਚ ਹੋਰ ਫੁਰਤੀ ਆ ਜਾਂਦੀ ਸੀ। ਪਿੰਡਾਂ ਦਾ ਚੱਕਰ ਲਾ ਕੇ ਉਹ ਉਨ੍ਹਾਂ ਪਲਟਨਾਂ ਵਿਚ ਜਾਂਦੇ ਜਿਥੇ ਅਜੇ ਤੱਕ ਜਾ ਨਹੀਂ ਸੀ ਹੋਇਆ।"

ਸਰਾਭੇ ਦੇ ਸੁਭਾ ਦੀ ਕਈਆਂ ਪਰਤਾਂ ਵਿਚੋਂ ਇਕ ਪਰਤ ਇਹ ਵੀ ਸੀ ਕਿ ਉਹ ਆਪਣੇ ਸੰਗੀਆਂ-ਸਾਥੀਆਂ ਪ੍ਰਤੀ ਬਹੁਤ ਹੀ ਸੰਵੇਦਨਸ਼ੀਲ ਸੀ। ਉਹ ਉਹਨਾਂ ਦੇ ਦੁਖ-ਸੁਖ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ। ਉਹਦੀ ਅਜਿਹੀ ਸੰਵੇਦਨਸ਼ੀਲਤਾ ਦੀ ਏਥੇ ਇਕ ਮਿਸਾਲ ਦੇਣੀ ਹੀ ਕਾਫ਼ੀ ਹੋਵੇਗੀ। ਜਦੋਂ ਉਹ ਲਾਲਾ ਹਰਦਿਆਲ ਨਾਲ ਮਿਲ ਕੇ ਯੁਗਾਂਤਰ ਆਸ਼ਰਮ ਵਿਚ 'ਗ਼ਦਰ' ਅਖ਼ਬਾਰ ਨੂੰ ਛਾਪਣ ਦਾ ਕਾਰਜ ਕਰ ਰਿਹਾ ਸੀ ਤਾਂ ਉਹਨੇ ਨੋਟ ਕੀਤਾ ਕਿ ਲਾਲਾ ਹਰਦਿਆਲ ਦੇ ਪੈਰੀਂ ਪਾਉਣ ਵਾਲੇ ਸਲੀਪਰਾਂ ਦਾ ਤਲ਼ਾ ਇਸ ਕਦਰ ਘਸ ਚੁੱਕਾ ਸੀ ਕਿ ਉਹਨਾਂ ਵਿਚ ਮੋਰੀਆਂ ਹੋ ਗਈਆਂ ਸਨ ਪਰ ਲਾਲਾ ਜੀ ਸਨ ਕਿ ਸਲੀਪਰਾਂ ਦੇ ਨਵੇਂ ਜੋੜੇ ਲਈ ਪਾਰਟੀ ਦਾ ਖ਼ਰਚ ਕਰਵਾਉਣ ਲਈ ਤਿਆਰ ਨਹੀਂ ਸਨ। ਇਹ ਉਹਨਾਂ ਦੇਸ਼-ਭਗਤਾਂ ਦੇ ਸੁਭਾ ਦੀ ਵਿਸ਼ੇਸ਼ਤਾ ਸੀ ਕਿ ਉਹ ਆਪਣੇ ਸੁਖ-ਸਹੂਲਤ ਨਾਲੋਂ ਆਜ਼ਾਦੀ ਸੰਗਰਾਮ ਲਈ ਆਰੰਭੇ ਕਾਰਜਾਂ ਲਈ ਖ਼ਰਚ ਕਰਨ ਨੂੰ ਪਹਿਲ ਦਿੰਦੇ ਸਨ। ਸਰਾਭੇ ਨੇ ਆਪਣੇ ਸਾਥੀ ਚੈਂਚਈਆ ਨਾਲ ਇਸ ਬਾਰੇ ਗੱਲ ਕੀਤੀ। ਉਹ ਜਾਣਦੇ ਸਨ ਕਿ ਲਾਲਾ ਹਰਦਿਆਲ ਨਵੇਂ ਸਲੀਪਰ ਲੈਣ ਲਈ ਰਾਜ਼ੀ ਨਹੀਂ ਹੋਣਗੇ। ਉਹਨਾਂ ਨੇ ਲਾਲਾ ਹਰਦਿਆਲ ਦੀ ਮਨਜ਼ੂਰੀ ਲੈਣ ਜਾਂ ਉਹਨਾਂ ਨਾਲ ਗੱਲ ਕਰਨ ਤੋਂ ਬਿਨਾ ਹੀ ਨਵੇਂ ਸਲੀਪਰ ਲੈ ਆਂਦੇ। ਹੁਣ ਸਮੱਸਿਆ ਇਹ ਸੀ ਕਿ ਲਾਲਾ ਜੀ ਨੂੰ ਇਹ ਸਲੀਪਰ ਪੈਰੀਂ ਪਾਉਣ ਲਈ ਕਿਵੇਂ ਆਖਿਆ ਜਾਂ ਮਨਵਾਇਆ ਜਾਵੇ। ਜਦੋਂ ਲਾਲਾ ਜੀ ਸੌਂ ਗਏ ਤਾਂ ਚੈਂਚਈਆ ਨੇ ਪੁਰਾਣੇ ਘਸੇ ਸਲੀਪਰ ਚੁੱਕ ਕੇ ਇਕ ਪਾਸੇ ਕਮਰੇ ਦੀ ਨੁੱਕਰ ਵਿਚ ਰੱਖ ਦਿੱਤੇ ਤੇ ਉਹਨਾਂ ਦੀ ਥਾਂ ਉਹਨਾਂ ਦੇ ਬਿਸਤਰੇ ਕੋਲ ਨਵੇਂ ਸਲੀਪਰ ਰੱਖ ਦਿੱਤੇ। ਸਰਾਭੇ ਨੇ ਵੇਖਿਆ ਤਾਂ ਉਸਨੇ ਚੈਂਚਈਆ ਨੂੰ ਸਮਝਾਇਆ ਕਿ ਸਲੀਪਰਾਂ ਨੂੰ ਕਮਰੇ ਦੀ ਨੁੱਕਰ ਵਿਚ ਇਕ ਪਾਸੇ ਰੱਖਣਾ ਮੁਨਾਸਬ ਨਹੀਂ; ਕਿਉਂਕਿ ਉਸਦਾ ਵਿਚਾਰ ਸੀ ਕਿ ਜੇ ਉਹ ਟੁੱਟੇ ਸਲੀਪਰ ਲਾਲਾ ਜੀ ਦੀ ਨਜ਼ਰੇ ਪੈ ਗਏ ਤਾਂ ਉਹਨਾਂ ਨੇ ਨਵੇਂ ਸਲੀਪਰ ਪੈਰੀਂ ਪਾਉਣੇ ਪ੍ਰਵਾਨ ਹੀ ਨਹੀਂ ਕਰਨੇ। ਉਹਨੇ ਲਾਲਾ ਜੀ ਦੀ ਨਜ਼ਰੋਂ ਓਹਲੇ ਕਰਨ ਲਈ ਉਹ ਟੁੱਟੇ ਹੋਏ ਸਲੀਪਰ ਚੁੱਕ ਕੇ ਬਾਹਰ ਕੂੜੇਦਾਨ ਵਿਚ ਸੁੱਟ ਦਿੱਤੇ। ਇਸ ਕਦਰ ਆਪਣੇ ਸਾਥੀਆਂ ਦੀ ਲੋੜ ਨੂੰ ਸਮਝਣਾ ਤੇ ਉਹਨਾਂ ਦੇ ਸੁਭਾਅ ਦੀ ਗਹਿਰਾਈ ਨੂੰ ਵੀ ਜਾਨਣਾ ਉਹਦੀ ਹੱਸਾਸੀਅਤ ਤੇ ਮਨੋਵਿਗਿਆਨੀ ਵਾਲੀ ਡੂੰਘੀ ਸਮਝ ਦਾ ਪ੍ਰਮਾਣ ਹੈ।

ਸਰਾਭੇ ਦੇ ਮਿਲਾਪੜੇ ਤੇ ਦਲੇਰ ਸੁਭਾਅ ਨੂੰ ਸਰਾਭੇ ਦੇ ਇਨਕਲਾਬੀ ਸਾਥੀ ਮੁਨਸ਼ਾ ਸਿੰਘ ਦੁਖੀ ਇੰਜ ਬਿਆਨ ਕਰਦੇ ਹਨ, 'ਲੇਖਕ ਨਾਲ (ਸਰਾਭੇ ਦਾ) ਡਾਢਾ ਮੇਲ ਮਿਲਾਪ ਸੀ। ਘਰ ਆ ਕੇ ਰਹਿਣਾ ਬੈਠਣਾ ਸੌਣਾ ਤੇ ਆਰਾਮ ਕਰਨਾ। ਮੇਰੇ ਮਾਤਾ ਪਿਤਾ ਨੂੰ ਮਾਤਾ ਪਿਤਾ ਕਰ ਕੇ ਹੀ

ਬੁਲੌਂਦਾ ਸੀ। ਐਨਾ ਖੁਲ੍ਹ ਦਿਲਾ, ਨਿਧੜਕ ਤੇ ਮਿਲਣਸਾਰ ਸੀ ਕਿ ਕਈ ਵਾਰ ਦਰ ਖੋਲ੍ਹ ਕੇ ਅੰਦਰ ਵੜ ਕੇ ਆਪੇ ਹੀ ਪ੍ਰਸ਼ਾਦੇ ਕੱਢ ਕੇ ਛਕਦਾ ਦੇਖ ਕੇ ਮੇਰੇ ਪਿਆਰੇ ਮਾਤਾ ਜੀ ਨੇ ਹੈਰਾਨੀ ਨਾਲ ਪੁੱਛਣਾ:

"ਵੇ ਪੁੱਤ ਕਰਤਾਰ! ਤੂੰ ਬੜਾ ਛਿੰਦਾ ਹੈਂ, ਜੋ ਚਿਤ ਆਵੇ ਖਾ ਜਾਂਦਾ ਹੈਂ, ਰੁਖੀ ਮਿਸੀ ਬੇਹੀ ਸਜਰੀ ਰੋਟੀ ਦਾਲ ਦਾ ਤੈਨੂੰ ਕੋਈ ਵਿਚਾਰ ਨਹੀਂ।"

ਰੰਗ ਜ਼ਰਾ ਸਾਂਵਲਾ, ਕੱਦ ਸੁਹਣਾ ਲੰਬਾ ਜਿਹਾ, ਸਰੀਰ ਪਤਲਾ, ਚਿਹਰਾ ਸਦਾ ਹਸੂੰ ਹਸੂੰ ਕਰਦਾ ਸੀ। ਬੇਖੌਫ਼ੀ ਉਸ ਦਾ ਖਾਸਾ ਹੀ ਸੀ। ਪੁਲਸ ਨੂੰ ਉਹ ਖੇਡ ਸਮਝਦਾ ਸੀ। ਇਕ ਵਾਰ ਲੇਖਕ ਨਾਲ (ਦੋਵੇਂ ਭਗੌੜੇ ਸਾਂ) ਜਲੰਧਰ ਸਟੇਸ਼ਨ 'ਤੇ ਉਤਰ ਕੇ ਇਕ ਥਾਣੇਦਾਰ ਦੇ ਘਰ ਜਾ ਵੜੇ ਤੇ ਪ੍ਰਸ਼ਾਦੇ ਵੀ ਉਥੇ ਹੀ ਛਕੇ।'

ਸਾਰੇ ਜਾਣਦੇ ਹਨ ਕਿ ਗ਼ਦਰੀਆਂ ਨੂੰ ਹਥਿਆਰ ਲੈਣ ਲਈ ਤੇ ਹੋਰ ਲੋੜਾਂ ਦੀ ਪੂਰਤੀ ਲਈ ਧਨ ਦੀ ਬਹੁਤ ਸਖ਼ਤ ਲੋੜ ਸੀ। ਧਨ ਦੀ ਪ੍ਰਾਪਤੀ ਲਈ ਉਹਨਾਂ ਨੂੰ ਮਜਬੂਰੀ ਵੱਸ ਸ਼ਾਹੂਕਾਰਾਂ ਦੇ ਘਰਾਂ ਵਿਚ ਡਾਕੇ ਮਾਰਨੇ ਪਏ। ਇਹਨਾਂ ਵਿਚੋਂ ਹੀ 'ਰੱਬੋਂ' ਪਿੰਡ ਵਿਚ ਮਾਰੇ ਗਏ ਇਕ ਡਾਕੇ ਵਿਚ ਕਰਤਾਰ ਸਿੰਘ ਸਰਾਭਾ ਵੀ ਸ਼ਾਮਲ ਸੀ। ਏਥੇ ਉਸਦੇ ਇਕ ਸਾਥੀ ਦੀ ਘਰ ਦੀ ਮੁਟਿਆਰ ਕੁੜੀ 'ਤੇ ਅੱਖ ਮੈਲੀ ਹੋ ਗਈ। ਆਪਣੇ ਸਾਥੀ ਦੇ ਅਭੱਦਰ ਵਿਹਾਰ ਨੂੰ ਵੇਖ ਕੇ ਸਰਾਭਾ ਅੱਗ ਬਗੋਲਾ ਹੋ ਗਿਆ। ਉਹ ਸਮਝਦਾ ਸੀ ਕਿ ਇਨਕਲਾਬਿਆਂ ਦਾ ਕਿਰਦਾਰ ਮਿਸਾਲੀ ਹੋਣਾ ਚਾਹੀਦਾ ਹੈ। ਜੇ ਉਹ ਵੀ ਲੋਕਾਂ ਦੀਆਂ ਧੀਆਂ ਭੈਣਾਂ ਨਾਲ ਅਜਿਹਾ ਵਿਹਾਰ ਕਰਨ ਲੱਗ ਪਏ ਤਾਂ ਉਹਨਾਂ ਤੇ ਗੁੰਡੇ-ਬਦਮਾਸ਼ਾਂ ਅਤੇ ਡਾਕੂਆਂ ਵਿਚ ਕੀ ਫ਼ਰਕ ਰਹਿ ਗਿਆ? ਇਸ ਘਟਨਾ ਦਾ ਬਿਆਨ ਕਰਦਿਆਂ ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭੇ ਦੀ ਇਖ਼ਲਾਕੀ ਬੁਲੰਦੀ ਦਾ ਜੋ ਬਿੰਬ ਸਿਰਜਦਾ ਹੈ ਉਹਦਾ ਬਿਰਤਾਂਤ ਉਹਨਾਂ ਦੀ ਜ਼ਬਾਨੀ ਹੀ ਪੜ੍ਹਿਆਂ ਬਣਦਾ ਹੈ:

'ਗ਼ਦਰ ਦੀ ਤਿਆਰੀ ਵਿਚ ਸਿਰਫ਼ ਪੈਸੇ ਦੀ ਕਮੀ ਕਾਰਨ ਕੁਝ ਦੇਰ ਹੋ ਜਾਵੇ, ਉਹ ਇਹ ਬਰਦਾਸ਼ਤ ਨਹੀਂ ਕਰ ਸਕਦੇ ਸੀ। ਉਸ ਦਿਨ ਉਹ ਡਕੈਤੀ ਵਾਸਤੇ ਰੱਬੋਂ ਨਾਮਕ ਪਿੰਡ ਵਿਚ ਗਏ ਸੀ। ਕਰਤਾਰ ਮੁੱਖੀ ਸਨ। ਡਕੈਤੀ ਹੋ ਰਹੀ ਸੀ। ਘਰ ਵਿਚ ਇਕ ਬੜੀ ਸੋਹਣੀ ਕੁੜੀ ਵੀ ਸੀ। ਉਸ ਨੂੰ ਦੇਖ ਕੇ ਇਕ ਪਾਪੀ ਦਾ ਮਨ ਫਿਰ ਗਿਆ। ਉਸ ਨੇ ਕੁੜੀ ਦਾ ਹੱਥ ਫੜ ਲਿਆ। ਉਸ ਕਾਮੀ ਨਰ ਪਸ਼ੂ ਦਾ ਰੰਗ-ਢੰਗ ਦੇਖ ਕੇ ਕੁੜੀ ਘਬਰਾ ਗਈ ਅਤੇ ਉਸ ਨੇ ਜ਼ੋਰ ਦੀ ਚੀਕ ਮਾਰੀ। ਫੌਰਨ ਨੌਜਵਾਨ ਕਰਤਾਰ ਰਿਵਾਲਵਰ ਤਾਣ ਕੇ ਉਸੇ ਥਾਂ ਪਹੁੰਚ ਗਏ। ਉਸ ਬੰਦੇ ਦੇ ਮੱਥੇ ਤੇ ਪਿਸਤੌਲ ਰੱਖ ਕੇ ਉਸ ਦਾ ਹਥਿਆਰ ਲੈ ਲਿਆ ਅਤੇ ਫੇਰ ਗੁੱਸੇ ਹੋਏ ਸ਼ੇਰ ਵਾਂਗ ਗਰਜ ਕੇ ਬੋਲੇ- 'ਪਾਮਰ! ਤੇਰਾ ਗੁਨਾਹ ਬੜਾ ਭਿਅੰਕਰ ਹੈ। ਇਸ ਵੇਲੇ ਤੂੰ ਮੌਤ ਦਾ ਹੱਕਦਾਰ ਹੈਂ। ਪਰ ਖਾਸ ਹਾਲਾਤ ਕਾਰਨ ਤੈਨੂੰ ਮਾਫ਼ ਕਰਨ ਤੇ ਮਜਬੂਰ ਹਾਂ। ਇਸ ਲਈ ਫੌਰਨ ਇਸ ਕੁੜੀ ਦੇ ਪੈਰਾਂ ਵਿਚ ਸਿਰ ਰੱਖ ਕੇ ਕਹਿ ਕਿ 'ਹੇ ਭੈਣ! ਮੈਨੂੰ ਮਾਫ਼ ਕਰ ਦੇ ਅਤੇ ਉੱਧਰ ਮਾਂ ਦੇ ਪੈਰ ਫੜ ਕੇ ਕਹਿ ਕਿ ਮਾਤਾ! ਮੈਂ ਇਸ ਨੀਚਤਾ ਵਾਸਤੇ ਮਾਫ਼ੀ ਚਾਹੁੰਦਾ ਹਾਂ। ਜੇ ਇਹ ਤੈਨੂੰ ਮਾਫ਼ ਕਰ ਦਏ ਤਾਂ ਤੈਨੂੰ ਜਿਊਂਦਾ ਛੱਡਾਂਗਾ ਨਹੀਂ ਤਾਂ ਹੁਣੇ ਗੋਲੀ ਮਾਰ ਦਿਆਂਗਾ।' ਉਸ ਨੇ ਉਵੇਂ ਹੀ ਕੀਤਾ। ਗੱਲ ਕੁਝ ਬਹੁਤੀ ਤਾਂ ਵਧੀ ਨਹੀ ਸੀ। ਇਹ ਦੇਖ ਕੇ ਦੋਹਾਂ ਔਰਤਾਂ ਦੀਆਂ ਅੱਖਾਂ ਭਰ ਆਈਆਂ। ਮਾਂ ਨੇ

ਪਿਆਰ ਨਾਲ ਸੰਬੋਧਨ ਕੀਤਾ-'ਬੇਟਾ! ਅਜਿਹੇ ਧਰਮਾਤਮਾ ਅਤੇ ਸਾਊ ਨੌਜਵਾਨ ਹੋ ਕੇ ਤੁਸੀਂ ਇਸ ਭਿਆਨਕ ਕੰਮ ਵਿਚ ਕਿਵੇਂ ਸ਼ਾਮਲ ਹੋਏ ਹੋ?' ਕਰਤਾਰ ਦਾ ਜੀਅ ਭਰ ਆਇਆ। ਕਿਹਾ- 'ਮਾਂ! ਰੁਪਏ ਦੇ ਲੋਭ ਵਿਚ ਨਹੀਂ, ਆਪਣਾ ਸਭ ਕੁਝ ਵਾਰ ਕੇ ਹੀ ਡਾਕੇ ਮਾਰਨ ਚੱਲੇ ਸੀ। ਅਸੀਂ ਅੰਗਰੇਜ਼ ਸਰਕਾਰ ਦੇ ਖਿਲਾਫ਼ ਗ਼ਦਰ ਦੀ ਤਿਆਰੀ ਕਰ ਰਹੇ ਹਾਂ। ਹਥਿਆਰ ਆਦਿ ਖਰੀਦਣ ਵਾਸਤੇ ਪੈਸੇ ਚਾਹੀਦੇ ਹਨ। ਉਹ ਕਿੱਥੋਂ ਲਈਏ? ਮਾਂ! ਉਸੇ ਮਹਾਨ ਕੰਮ ਵਾਸਤੇ ਅੱਜ ਇਹ ਨੀਚ ਕੰਮ ਕਰਨ ਲਈ ਅਸੀਂ ਮਜਬੂਰ ਹੋਏ ਹਾਂ।'

ਉਸ ਵੇਲੇ ਬੜਾ ਦਰਦਨਾਕ ਨਜ਼ਾਰਾ ਸੀ। ਮਾਂ ਨੇ ਫੇਰ ਕਿਹਾ-'ਇਸ ਕੁੜੀ ਦਾ ਵਿਆਹ ਕਰਨਾ ਹੈ। ਉਸ ਵਾਸਤੇ ਰੁਪਏ ਚਾਹੀਦੇ ਹਨ। ਕੁਝ ਦਿੰਦੇ ਜਾਉ ਤਾਂ ਚੰਗਾ ਹੈ।' ਸਾਰਾ ਧਨ ਉਸ ਦੇ ਸਾਹਮਣੇ ਰੱਖ ਦਿੱਤਾ ਗਿਆ ਅਤੇ ਕਿਹਾ- 'ਜਿੰਨਾਂ ਚਾਹੀਦਾ ਹੈ ਲੈ ਲਉ!' ਕੁਝ ਧਨ ਲੈ ਕੇ ਬਾਕੀ ਸਾਰਾ ਉਸ ਨੇ ਖੁਦ ਖੁਸ਼ੀ ਨਾਲ ਕਰਤਾਰ ਦੀ ਝੋਲੀ ਵਿਚ ਪਾ ਦਿੱਤਾ ਅਤੇ ਆਸ਼ੀਰਵਾਦ ਦਿੱਤਾ ਕਿ ਜਾਉ ਬੇਟਾ, ਤੁਹਾਨੂੰ ਕਾਮਯਾਬੀ ਮਿਲੇ!'

ਪਹਾੜੀ ਜਿਗਰੇ ਵਾਲਾ ਕਰਤਾਰ ਸਿੰਘ ਅੰਦਰੋਂ ਕਿੰਨਾਂ ਨਰਮ ਨਾਜ਼ਕ ਸੀ ਇਸਦਾ ਇਕ ਵੇਰਵਾ ਬਾਬਾ ਸੋਹਨ ਸਿੰਘ ਭਕਨਾ ਹੋਰ ਵੀ ਦਿੰਦੇ ਹਨ। ਜਦੋਂ ਜੇਲ੍ਹ ਵਿਚ ਬਣੀ ਅਦਾਲਤ ਸਾਹਮਣੇ ਚੱਬੇ ਪਿੰਡ ਵਿਚ ਪਏ ਡਾਕੇ ਵਿਚ ਮਾਰੇ ਗਏ ਸ਼ਹੂਕਾਰ ਬੇਲੀ ਰਾਮ ਦੀ ਵਿਧਵਾ ਤੇ ਉਹਦੇ ਛੋਟੇ ਬੱਚੇ ਹਾਜ਼ਰ ਹੋਏ ਤਾਂ ਉਹਨਾਂ ਨੂੰ ਵੇਖ ਕੇ ਦ੍ਰਵਿਤ ਤੇ ਦੁਖੀ ਮਨ ਨਾਲ ਬਾਬਾ ਜੀ ਨੇ ਕਰਤਾਰ ਸਿੰਘ ਨੂੰ ਪੁੱਛਿਆ ਕਿ ਆਪਣੇ ਹੀ ਲੋਕਾਂ ਤੇ ਧੀਆਂ ਭੈਣਾਂ 'ਤੇ ਉਹਨਾਂ ਨੇ ਡਾਕੇ ਕਿਉਂ ਮਾਰੇ? ਇਹ ਦ੍ਰਿਸ਼ ਵੇਖ ਕੇ ਤੇ ਬਾਬਾ ਜੀ ਦੇ ਝਿੜਕਦੇ ਬੋਲ ਸੁਣਕੇ ਕਰਤਾਰ ਦਾ ਦਿਲ ਵੀ ਭਰ ਆਇਆ ਸੀ ਤੇ ਉਸਨੇ ਪੈਸੇ ਦੀ ਲੋੜ-ਪੂਰਤੀ ਲਈ ਮਜਬੂਰੀ ਵੱਸ ਡਾਕੇ ਮਾਰਨ ਦੀ ਗ਼ਲਤੀ ਨੂੰ ਵੀ ਤਸਲੀਮ ਕਰ ਲਿਆ।

ਨਾਨਕ ਸਿੰਘ ਨਾਵਲਕਾਰ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ ਵਿਚ' ਸਰਾਭੇ ਦੇ ਕਿਰਦਾਰ ਨੂੰ ਆਧਾਰ ਬਣਾ ਕੇ ਗ਼ਦਰ ਪਾਰਟੀ ਦਾ ਗਾਲਪਨਿਕ ਇਤਿਹਾਸ ਲਿਖਣ ਦਾ ਵਧੀਆ ਉੱਦਮ ਕੀਤਾ ਸੀ। ਉਸ ਨਾਵਲ ਵਿਚ ਨਾਨਕ ਸਿੰਘ ਨੇ ਗ਼ਦਰ ਲਹਿਰ ਦੇ ਹਮਦਰਦ ਸਾਥੀ ਦੀ ਭੈਣ ਤੇ ਗ਼ਦਰ ਲਹਿਰ ਨੂੰ ਸਮਰਪਤ ਲੜਕੀ ਬੀਰੀ ਨਾਲ ਸਰਾਭੇ ਦੇ ਪ੍ਰੇਮ-ਸੰਬੰਧਾਂ ਦਾ ਗਲਪ-ਬਿੰਬ ਸਿਰਜਿਆ ਹੈ। ਇਹ ਦੋਵੇਂ ਪਾਤਰ ਕਾਲਪਨਿਕ ਹਨ। ਨਾਵਲ ਨੂੰ ਪੜ੍ਹਨਯੋਗ ਬਨਾਉਣ ਲਈ ਪ੍ਰੇਮ-ਪ੍ਰਸੰਗਾਂ ਦੇ ਬਿਰਤਾਂਤ ਦਾ ਛਿੱਟਾ ਦੇਣਾ ਪੰਜਾਬੀ ਨਾਵਲ ਦੀ ਮੁੱਖ ਜੁਗਤ ਰਹੀ ਹੈ। ਨਾਵਲੀ ਦਿਲਚਸਪੀ ਦੇ ਪੱਖੋਂ ਤਾਂ ਭਾਵੇਂ ਸਰਾਭਾ-ਬੀਰੀ ਦੇ ਪ੍ਰੇਮ ਪ੍ਰਸੰਗ ਦੀ ਜਿੰਨੀ ਮਰਜ਼ੀ ਵਾਜਬੀਅਤ ਬਣਦੀ ਹੋਵੇ ਪਰ ਕੀ ਕਰਤਾਰ ਸਿੰਘ ਸਰਾਭੇ ਦੇ ਹਰ ਪਲ ਗ਼ਦਰ ਲਹਿਰ ਦੀ ਉਸਾਰੀ ਵਿਚ ਜੁੱਟੇ ਰਹਿਣ ਕਰਕੇ ਕਿਸੇ ਕੁੜੀ ਨਾਲ ਪਿਆਰ ਕਰਨ ਦੀ ਸੰਭਾਵਨਾ ਜਾਂ ਗੁਜਾਇਸ਼ ਬਣਦੀ ਵੀ ਹੈ? ਉਹ ਗ਼ਦਰ ਲਹਿਰ ਦਾ ਮੁੱਖ ਆਗੂ ਸੀ ਅਤੇ ਉਸਦੇ ਸਾਰੇ ਦਿਨ-ਰਾਤ ਆਪਣੇ ਮਕਸਦ ਲਈ ਸਮਰਪਤ ਸਨ। ਪੰਜਾਹ-ਪੰਜਾਹ ਮੀਲ ਰੋਜ਼ ਸਾਈਕਲ ਚਲਾਉਣ ਵਿਚ ਜੁੱਟਾ ਰਹਿਣ ਵਾਲਾ ਤੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਗ਼ਦਰ ਦਾ ਪਰਚਾਰ ਕਰਨ ਵਾਲਾ ਸਰਾਭਾ ਪਿਆਰ ਕਰਨ ਲਈ ਕਿੰਨੀ ਕੁ ਵਿਹਲ ਕੱਢ ਸਕਦਾ ਸੀ!। ਦੂਜਾ ਉਸਦੇ ਕਿਸੇ ਵੀ ਸਾਥੀ

ਨੇ ਸਰਾਭੇ ਦੇ ਕਿਸੇ ਪ੍ਰੇਮ-ਪ੍ਰਸੰਗ ਦੀ ਕਿਤੇ ਵੀ ਪੁਸ਼ਟੀ ਤਾਂ ਕੀ ਕਰਨੀ ਸੀ, ਸੰਕੇਤ ਤੱਕ ਨਹੀਂ ਕੀਤਾ। ਸਾਡਾ ਮਤਲਬ ਇਹ ਨਹੀਂ ਕਿ ਕੋਈ ਇਨਕਲਾਬੀ ਪਿਆਰ ਨਹੀਂ ਕਰ ਸਕਦਾ ਜਾਂ ਉਸਨੂੰ ਇਨਕਲਾਬ ਦੇ ਰਾਹ 'ਤੇ ਤੁਰਦਿਆਂ ਪਿਆਰ ਕਰਨ ਦੀ ਮਨਾਹੀ ਹੈ। ਪਿਆਰ ਕਰਨਾ ਮਨੁੱਖ ਦੀ ਬੁਨਿਆਦੀ ਫ਼ਿਤਰਤ ਹੈ। ਪਿਆਰ ਮਨੁੱਖ ਨੂੰ ਵਧੇਰੇ ਸੰਵੇਦਨਸ਼ੀਲ ਤੇ ਜ਼ਿੰਦਗੀ ਨੂੰ ਵਧੇਰੇ ਪਿਆਰ ਕਰਨ ਤੇ ਮਾਨਣਯੋਗ ਬਣਾਉਂਦਾ ਹੈ। ਔਰਤ-ਮਰਦ ਦਾ ਪਿਆਰ ਤੇ ਜਿਸਮਾਨੀ ਰਿਸ਼ਤਾ ਜ਼ਿੰਦਗੀ ਦੀ ਬੁਨਿਆਦੀ ਹਕੀਕਤ ਹੈ। ਪਰ ਸਰਾਭੇ ਦੇ ਪਰਸੰਗ ਵਿਚ ਬੀਰੀ ਨਾਲ ਪਿਆਰ ਸੰਬੰਧਾਂ ਦੀ ਹਕੀਕਤ ਵੇਲੇ ਦੀਆਂ ਲੋੜਾਂ ਤੇ ਮਜਬੂਰੀਆਂ ਕਾਰਨ ਯਥਾਰਥ ਦੇ ਘੇਰੇ ਵਿਚ ਨਹੀਂ ਆਉਂਦੀ। ਏਸੇ ਕਰਕੇ ਬਾਬਾ ਸੋਹਨ ਸਿੰਘ ਭਕਨਾ ਨੂੰ ਇਸ ਬਾਰੇ ਕਹਿਣਾ ਪਿਆ ਸੀ:

'ਕਰਤਾਰ ਸਿੰਘ ਸਰਾਭਾ ਗ਼ਦਰ ਪਾਰਟੀ ਦੀ ਰੂਹ ਸੀ। ਉਹ ਪਾਰਟੀ ਦਾ ਸਕੱਤਰ ਤੇ 'ਗ਼ਦਰ ਦੀ ਗੂੰਜ' ਅਖ਼ਬਾਰ ਦਾ ਐਡੀਟਰ ਸੀ। ਉਹ ਬੜਾ ਨਿਧੜਕ ਤੇ ਦਲੇਰ ਨੌਜਵਾਨ ਸੀ। ਉਸ ਅੰਦਰ ਦੇਸ਼ ਭਗਤੀ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਦੇਸ਼ ਦੀ ਖ਼ਾਤਰ ਹੀ ਜੀਉਂਦਾ ਸੀ ਤੇ ਦੇਸ਼ ਦੀ ਖ਼ਾਤਰ ਹੀ ਮਰਿਆ ਸੀ। ਉਸ ਦਾ ਕਿਸੇ ਕੁੜੀ ਨਾਲ ਪਿਆਰ ਵਰਗਾ ਸਬੰਧ ਨਹੀਂ ਸੀ। ਹਾਂ ਉਸ ਨਾਲ ਕਈ ਕੁੜੀਆਂ ਉਸ ਦੇ ਕੰਮ ਵਿਚ ਹੱਥ ਵਟਾਉਂਦੀਆਂ ਸਨ। ਉਸਦਾ ਕੁੜੀਆਂ ਨਾਲ ਵਾਹ ਪੈਂਦਾ ਸੀ ਪਰ ਉਸ ਦਾ ਸਬੰਧ ਕੇਵਲ ਉਹਨਾਂ ਤੋਂ ਦੇਸ਼ ਭਗਤੀ ਦੇ ਕੰਮਾਂ ਲਈ ਮਦਦ ਲੈਣ ਤੱਕ ਹੀ ਸੀਮਤ ਸੀ। ਉਹ ਜੇਲ੍ਹ ਵਿਚ ਮੇਰੇ ਨਾਲ ਹੀ ਸੀ। ਉਥੇ ਉਸਨੂੰ ਨਾਨਕ ਸਿੰਘ ਨਾਵਲਿਸਟ ਦੇ ਵਰਨਣ ਵਾਂਗ ਕੋਈ ਅਜਿਹੀ ਕੁੜੀ ਮਿਲਣ ਨਹੀਂ ਆਈ। ਇਹ ਘਟਨਾ ਨਾਨਕ ਸਿੰਘ ਦੇ ਆਪਣੇ ਦਿਮਾਗ ਦੀ ਕਾਢ ਹੈ। ਨਾਵਲਕਾਰ ਆਮ ਤੌਰ 'ਤੇ ਆਪਣੇ ਨਾਵਲਾਂ ਨੂੰ ਸੁਆਦਲਾ ਬਣਾਉਣ ਲਈ ਵਿਰੋਧੀ ਲਿੰਗਾਂ ਦੇ ਪਿਆਰ ਜਿਹੇ ਪਰਸਪਰ ਸਬੰਧਾਂ ਦੀਆਂ ਕਹਾਣੀਆਂ ਛੇੜ ਲੈਂਦੇ ਹਨ।'

'ਜੇ ਇਹ ਕਿਹਾ ਜਾਵੇ ਕਿ ਨਾਨਕ ਸਿੰਘ ਨੇ ਸਰਾਭੇ ਦੀ ਪਾਤਰ ਉਸਾਰੀ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਉਹਨਾਂ ਦੇ ਪਿਆਰ ਦਾ ਵਰਨਣ ਕਰਕੇ ਇਹ ਦਸਣ ਦਾ ਯਤਨ ਕੀਤਾ ਹੈ ਕਿ ਸਰਾਭੇ ਨੂੰ ਕਿਸੇ ਕੁੜੀ ਦਾ ਪਿਆਰ ਵੀ ਮੋਹ ਨਹੀਂ ਸੀ ਸਕਦਾ। ਉਹ ਤੇ ਦੇਸ਼ ਪਿਆਰ ਦਾ ਦੀਵਾਨਾ ਸੀ, ਇਸੇ ਕਰਕੇ ਆਪਣੀ ਪ੍ਰੇਮਿਕਾ ਦੀ ਪਰਵਾਹ ਨਹੀਂ ਕੀਤੀ ਤੇ ਦੇਸ਼ ਦੀ ਖ਼ਾਤਰ ਮਰ ਜਾਣਾ ਚੰਗਾ ਸਮਝਿਆ, ਤਾਂ ਇਹ ਵੀ ਇੰਨਾ ਫ਼ਬਦਾ ਨਹੀਂ ਕਿਉਂਕਿ ਸਰਾਭੇ ਦਾ ਪਾਤਰ ਪਹਿਲਾਂ ਹੀ ਲਾਸਾਨੀ ਹੈ, ਜਿਸ ਨੇ ਆਪਣੇ ਦੇਸ਼-ਪਿਆਰ ਦੇ ਆਦਰਸ਼ ਖ਼ਾਤਰ ਉਨੀਂ ਸਾਲਾਂ ਦੀ ਉਮਰ ਵਿਚ ਫਾਂਸੀ ਦੇ ਰੱਸੇ ਨੂੰ ਹੱਸਦੇ ਹੱਸਦੇ ਗੱਲ ਵਿਚ ਪਾ ਲਿਆ। ਉਸਦਾ ਅਸਲ ਪਿਆਰ ਦੇਸ਼ ਨਾਲ ਸੀ। ਉਸੇ ਖ਼ਾਤਰ ਉਸ ਨੇ ਜਾਨ ਲਾ ਦਿੱਤੀ।'

ਬਾਬਾ ਹਰਨਾਮ ਸਿੰਘ ਚਮਿੰਡਾ ਇਕ ਹੋਰ ਪ੍ਰਸੰਗ ਵਿਚ ਦੱਸਦੇ ਹਨ ਕਿ ਇਕ ਵਾਰ ਅਮਰੀਕਾ ਵਿਚ ਕਿਸੇ ਸੋਹਣੀ ਕੁੜੀ ਨੇ ਸਰਾਭੇ ਅੱਗੇ ਸ਼ਾਦੀ ਦਾ ਪ੍ਰਸਤਾਵ ਰੱਖਿਆ ਤਾਂ ਉਸਨੂੰ ਸਰਾਭੇ ਨੇ ਕੁਝ ਇਸ ਅੰਦਾਜ਼ ਵਿਚ ਠੁਕਰਾ ਦਿੱਤਾ ਸੀ:

'ਜਦੋਂ ਅਮਰੀਕਾ ਵਿਚ ਇਕ ਹੁਸਨ ਮਤੀ ਨੌਜਵਾਨ ਕੁੜੀ ਨੇ ਉਸਦੇ ਸਾਹਮਣੇ ਸ਼ਾਦੀ ਕਰਨ ਦਾ ਪ੍ਰਸਤਾਵ ਰਖਿਆ ਤਾਂ ਆਪ ਨੇ ਕਿਹਾ ਸੀ, "ਮੈਂ ਦੇਸ਼ ਦੀ ਅਜ਼ਾਦੀ ਲਈ ਜਦੋ ਜਹਿਦ

ਕਰਨੀ ਚਾਹੁੰਦਾ ਹਾਂ। ਇਸ ਰਾਹ ਪਰ ਤੁਰਨ ਵਾਲਿਆਂ ਨੂੰ ਮੌਤ ਹੀ ਨਸੀਬ ਹੋਇਆ ਕਰਦੀ ਹੈ। ਇਸ ਕਰਕੇ ਮੈਂ ਮੌਤ ਲਾੜੀ ਨਾਲ ਹੀ ਸ਼ਾਦੀ ਕਰਨ ਦਾ ਫੈਸਲਾ ਕਰ ਚੁੱਕਾ ਹਾਂ।'' ਕਰਤਾਰ ਸਿੰਘ ਨੂੰ ਅਜ਼ਾਦੀ ਦਾ ਏਨਾ ਗੂੜ੍ਹਾ ਪਿਆਰ ਹੋ ਚੁੱਕਾ ਸੀ ਕਿ ਸਾਰੀ ਦੁਨੀਆਂ ਦਾ ਰੂਪ ਭੀ ਜੇ ਇਕੱਠਾ ਹੋ ਕੇ ਉਸਨੂੰ ਆਪਣੇ ਪ੍ਰੇਮ ਜਾਲ ਵਿਚ ਫਸਾਉਣਾ ਚਾਹੁੰਦਾ ਤਾਂ ਉਹ ਉਸ ਵਿਚ ਸਫ਼ਲ ਨਾ ਹੋ ਸਕਦਾ।'

ਇਹ ਸੱਚ ਹੈ ਕਿ ਗ਼ਦਰ ਪਾਰਟੀ ਵੱਲੋਂ ਮਘਾਈ ਇਨਕਲਾਬ ਦੀ ਚੰਗਿਆੜੀ ਕਦੀ ਬੁਝੀ ਨਹੀਂ, ਸਗੋਂ ਆਉਣ ਵਾਲੀਆਂ ਨਸਲਾਂ ਦੇ ਚੇਤਿਆਂ ਵਿਚ ਹੋਰ ਵੀ ਤਿੱਖੇ ਜਲੌਅ ਨਾਲ ਜਗਦੀ ਰਹੀ। ਕਰਤਾਰ ਸਿੰਘ ਸਰਾਭੇ ਨੇ ਜੇਲ੍ਹ ਦੀ ਕਾਲ-ਕੋਠੜੀ ਵਿਚ ਕੰਧ 'ਤੇ ਅਟੱਲ ਹਕੀਕਤ ਉਕਰੀ ਹੋਈ ਸੀ, 'ਸ਼ਹੀਦੋਂ ਕਾ ਖ਼ੂਨ ਕਭੀ ਖਾਲੀ ਨਹੀਂ ਜਾਂਦਾ।' ਇਸ ਵਿਚ ਸ਼ੱਕ ਨਹੀਂ ਕਿ ਸ਼ਹੀਦਾਂ ਦਾ ਖ਼ੂਨ ਪਿੱਛੋਂ ਆਉਣ ਵਾਲੇ ਇਨਕਲਾਬੀਆਂ ਤੇ ਇਨਕਲਾਬੀ ਤਹਿਰੀਕਾਂ ਦੀਆਂ ਰਗਾਂ ਵਿਚ ਵਿਚ ਨਵੇਂ ਜੋਸ਼ ਨਾਲ ਵਹਿੰਦਾ ਹੀ ਨਹੀਂ ਰਿਹਾ ਸਗੋਂ ਇਤਿਹਾਸ ਦੀਆਂ ਅੱਖਾਂ ਵਿਚੋਂ ਟਪਕਦਾ ਵੀ ਦਿਖਾਈ ਦਿੰਦਾ ਹੈ। ਇਹਨਾਂ ਸਾਰੀਆਂ ਤਹਿਰੀਕਾਂ ਨੂੰ ਗ਼ਦਰ ਪਾਰਟੀ ਦੇ ਸੂਰਬੀਰਾਂ ਦੀ ਕੁਰਬਾਨੀ ਤੇ ਵਿਚਾਰ ਗਤੀ ਤੇ ਦਿਸ਼ਾ ਦੇਣ ਵਿਚ ਸਹਾਈ ਹੁੰਦੇ ਰਹੇ। ਖ਼ੁਦ ਸਰਾਭੇ ਦੀ ਸ਼ਖ਼ਸੀਅਤ ਅਤੇ ਕੁਰਬਾਨੀ ਨੇ ਅਨੇਕਾਂ ਇਨਕਲਾਬੀਆਂ ਨੂੰ ਬਹੁਤ ਹੱਦ ਤੱਕ ਪ੍ਰੇਰਤ ਤੇ ਪ੍ਰਭਾਵਤ ਕੀਤਾ। ਭਗਤ ਸਿੰਘ ਤਾਂ ਹਰ ਵੇਲੇ ਆਪਣੀ ਜੇਬ ਵਿਚ ਸਰਾਭੇ ਦੀ ਤਸਵੀਰ ਰੱਖਿਆ ਕਰਦਾ ਸੀ। ਉਸ ਵਾਂਗ ਹੀ ਸਮਝਦਾ ਸੀ ਕਿ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ। ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।' ਸਰਾਭੇ ਵਾਂਗ ਹੀ ਉਸ ਦੇ ਮਨ ਵਿਚ ਦੇਸ਼ ਲਈ ਕੁਝ ਕਰਨ ਦਾ ਤੇ ਕੁਰਬਾਨ ਹੋਣ ਦਾ ਚਾਅ ਠਾਠਾਂ ਮਾਰਦਾ ਹੁੰਦਾ ਸੀ। ਭਗਤ ਸਿੰਘ ਲਈ ਸਰਾਭਾ ਉਹਦਾ ਗੁਰੂ, ਭਰਾ ਤੇ ਸਾਥੀ ਸੀ। ਭਗਤ ਸਿੰਘ ਦਾ ਕਰਤਾਰ ਸਿੰਘ ਸਰਾਭੇ ਬਾਰੇ ਲਿਖਿਆ ਲੇਖ ਸਰਾਭੇ ਦੀ ਪ੍ਰੇਰਨਾਦਾਇਕ ਸ਼ਖ਼ਸੀਅਤ ਦਾ ਪਰਤੱਖ ਪ੍ਰਮਾਣ ਹੈ। ਭਗਤ ਸਿੰਘ ਦੀ ਮਾਤਾ ਸ੍ਰੀ ਮਤੀ ਵਿਦਿਆਵਤੀ ਜੀ ਦਾ ਕਥਨ ਵੀ ਇਸ ਪ੍ਰਥਾਇ ਵਾਚਣਯੋਗ ਹੈ। ਬਾਬਾ ਹਰਨਾਮ ਸਿੰਘ ਚਮਿੰਡਾ ਮਾਤਾ ਜੀ ਵੱਲੋਂ ਨੌਜੁਆਨਾਂ ਨੂੰ ਦਿੱਤੇ ਸੰਦੇਸ਼ ਵਿਚ ਭਗਤ ਸਿੰਘ ਉੱਤੇ ਸਰਾਭੇ ਦੇ ਅਸਰ ਨੂੰ ਕਬੂਲਦਿਆਂ ਕਹਿੰਦੇ ਹਨ: ਭਗਤ ਸਿੰਘ ਦੇ ਫੜੇ ਜਾਣ 'ਤੇ ਉਸ ਪਾਸੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਨਿਕਲੀ ਜੋ ਉਹ ਹਮੇਸ਼ਾਂ ਆਪਣੇ ਪਾਸ ਰੱਖਦਾ ਹੁੰਦਾ ਸੀ। ਕਈ ਵਾਰ ਮੇਰੇ ਨਾਲ ਗੱਲਾਂ ਕਰਦਾ ਕਰਦਾ ਮੈਨੂੰ ਆਪਣੀ ਜੇਬ ਵਿਚੋਂ ਫੋਟੋ ਕੱਢਕੇ ਦਿਖਾਂਦਾ ਤੇ ਕਹਿੰਦਾ:

''ਬੇਬੇ ਜੀ ਇਹ ਜੇ ਮੇਰਾ ਗੁਰੂ, ਮੇਰਾ ਸਾਥੀ ਤੇ ਭਰਾ।'' ਸ਼ਹੀਦ ਕਰਤਾਰ ਸਿੰਘ ਸਰਾਭਾ 1914-15 ਦੀ ਗ਼ਦਰ ਪਾਰਟੀ ਦੇ ਸ਼ਹੀਦਾਂ ਵਿਚੋਂ ਸਭ ਤੋਂ ਛੋਟਾ ਤੇਂ ਕੰਮ ਵਿਚ ਅਗੇ ਰਹਿਣ ਵਾਲਿਆਂ ਵਿਚੋਂ ਸੀ। ਘਰ ਵਿਚ ਕੰਮ ਕਰਦੇ ਤੇ ਐਧਰ ਓਧਰ ਫਿਰਦਿਆਂ ਭਗਤ ਸਿੰਘ ਗਾਉਂਦਾ ਹੁੰਦਾ ਸੀ:

*ਸੇਵਾ ਦੇਸ਼ ਦੀ ਜ਼ਿੰਦੜੀਏ ਬਹੁਤ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।*
*ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।*

ਉਸ ਨੇ ਬੜੇ ਪਿਆਰ ਨਾਲ ਦੱਸਣਾ ਕਿ ਬੇਬੇ ਜੀ ਇਹ ਸ਼ੇਅਰ ਕਰਤਾਰ ਸਿੰਘ ਸਰਾਭਾ ਦਾ ਹੈ।'

ਭਗਤ ਸਿੰਘ ਦੇ ਯੁਧ-ਸਾਥੀ ਪੰਡਿਤ ਕਿਸ਼ੋਰੀ ਲਾਲ ਵੀ ਦੱਸਦੇ ਸਨ ਕਿ ਉਹਨਾਂ ਉੱਤੇ ਵੀ ਸਭ ਤੋਂ ਵੱਧ ਪ੍ਰਭਾਵ ਕਰਤਾਰ ਸਿੰਘ ਸਰਾਭੇ ਦਾ ਹੀ ਸੀ:

'ਸਾਡੇ 'ਤੇ ਬਹੁਤਾ ਅਸਰ ਤਾਂ ਕਰਤਾਰ ਸਿੰਘ ਸਰਾਭਾ ਦਾ ਸੀ। ਉਸ ਨੂੰ ਪਹਿਲੇ ਫਾਂਸੀ ਹੋ ਚੁੱਕੀ ਸੀ। ਉਸ ਦਾ ਬਹੁਤਾ ਅਸਰ ਸੀ। ਅਸੀਂ ਉਸ ਨੂੰ ਕੌਮੀ ਹੀਰੋ ਸਮਝਦੇ ਸਾਂ। ਭਗਤ ਸਿੰਘ ਤਾਂ ਕਰਤਾਰ ਸਿੰਘ ਸਰਾਭਾ ਦੀ ਆਪਣੇ ਕੋਲ ਤਸਵੀਰ ਰੱਖਦਾ ਹੁੰਦਾ ਸੀ। ਉਹ ਸਮਝਦਾ ਸੀ ਕਿ ਜਿਸ ਬਹਾਦਰੀ ਨਾਲ ਕਰਤਾਰ ਸਿੰਘ ਨੇ ਕੋਰਟ ਵਿਚ ਆਪਣੇ ਆਪ ਨੂੰ 'ਰਾਈਟ ਆਫ਼ ਇੰਡੀਪੈਂਡੈਸ' ਨੂੰ ਡੀਫੈਂਡ ਕੀਤਾ, ਓਨਾ ਕਿਸੇ ਹੋਰ ਨੇ ਨਹੀਂ ਕੀਤਾ ਕਿਉਂਕਿ ਜਦ ਜੱਜ ਨੇ ਉਸ ਨੂੰ ਕਿਹਾ ਕਿ ''ਨੌਜਵਾਨ ਤੂੰ ਸੋਚ ਲੈ ਕਿ ਜੋ ਕੁਝ ਤੂੰ ਕਹਿ ਰਿਹਾ ਹੈਂ ਇਸ ਤੋਂ ਫਾਂਸੀ ਤੋਂ ਇਲਾਵਾ ਕੁਝ ਹੋਰ ਨਹੀਂ ਹੋ ਸਕਦਾ।'' ਕਰਤਾਰ ਸਿੰਘ ਨੇ ਸਾਫ਼ ਕਹਿ ਦਿੱਤਾ ਕਿ ਮੇਰਾ ਸਭ ਕੁਝ ਸੋਚਿਆ ਹੋਇਆ ਹੈ। ਇਹ ਸਭ ਕੁਝ ਠੀਕ ਹੈ। ਇਸ ਲਈ ਭਗਤ ਸਿੰਘ 'ਤੇ ਉਸ ਦਾ ਬਹੁਤਾ ਪ੍ਰਭਾਵ ਸੀ। 1914 ਵਿਚ ਸੈਂਕੜੇ ਗ਼ਦਰੀ ਫਾਂਸੀ ਲੱਗੇ ਸਨ। ਉਨ੍ਹਾਂ ਦੀ ਬੜੀ ਕੁਰਬਾਨੀ ਸੀ। ਉਨ੍ਹਾਂ ਸਭ ਦਾ ਵੀ ਸਾਡੇ 'ਤੇ ਪੂਰਾ ਅਸਰ ਸੀ। ਉਨ੍ਹਾਂ ਦੀਆਂ ਕੁਰਬਾਨੀਆਂ ਅਸੀਂ ਵਾਰ-ਵਾਰ ਦੁਹਰਾਉਂਦੇ ਸਾਂ।'

ਭਗਤ ਸਿੰਘ ਦੇ ਇਕ ਹੋਰ ਸਾਥੀ ਤੇ ਪਿਛੋਂ ਭਾਰਤੀ ਕਮਿਊਸਿਟ ਪਾਰਟੀ ਦੇ ਜਨਰਲ ਸਕੱਤਰ ਬਣੇ ਕਾਮਰੇਡ ਅਜੈ ਘੋਸ਼ ਵੀ ਲਿਖਦੇ ਹਨ: 'ਮੈਂ ਦਿਲੋ-ਜਾਨ ਨਾਲ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਪੂਜਾ ਕਰਦਾ ਹੁੰਦਾ ਸੀ। ਜਿਹੜਾ ਵੀ ਸਰਾਭਾ ਦੀ ਤਾਰੀਫ਼ ਕਰਦਾ ਮੈਂ ਉਸਦੀ ਕਦਰ ਕਰਦਾ। ਇਸੇ ਕਰਕੇ ਮੈਨੂੰ ਭਗਤ ਸਿੰਘ ਬਹੁਤ ਪਿਆਰਾ ਲੱਗਦਾ।'

ਸਰਾਭੇ ਦੇ ਜੀਵਨ ਤੇ ਉਹਦੀ ਬਹੁਮੁਖੀ ਪ੍ਰਤਿਭਾ ਦੇ ਅਨੇਕਾਂ ਰੰਗ ਇਤਿਹਾਸ ਦੇ ਪੰਨਿਆਂ ਉਤੇ ਅਤੇ ਉਹਨਾਂ ਪੰਨਿਆਂ ਤੋਂ ਬਾਹਰ ਵੀ ਬਿਖ਼ਰੇ ਪਏ ਹਨ। ਉਹਨਾਂ ਸਭਨਾਂ ਨੂੰ ਏਥੇ ਵਿਖਾਉਣ ਦਾ ਮੇਰਾ ਕੋਈ ਮਨਸ਼ਾ ਨਹੀਂ ਤੇ, ਸ਼ਾਇਦ, ਮੇਰੇ ਲਈ ਸੰਭਵ ਵੀ ਨਹੀਂ। ਮੇਰਾ ਮਨਸ਼ਾ ਤਾਂ ਕੇਵਲ ਇਸ ਦੱਸਣ ਤੋਂ ਹੈ ਕਿ ਕਰਤਾਰ ਸਿੰਘ ਜਿਹੇ ਜਵਾਂ-ਮਰਦ ਕਦੀ ਮਰਦੇ ਨਹੀਂ ਤੇ ਨਾ ਹੀ ਕਦੀ ਹਾਰਦੇ ਹਨ। ਸਰਾਭੇ ਨੇ ਸਜ਼ਾ ਸੁਣਾਉਣ ਵਾਲੇ ਜੱਜ ਨੂੰ ਕਿਹਾ ਸੀ ਕਿ ਜੇ ਕੋਈ ਦੂਸਰਾ ਜਨਮ ਹੋਵੇ ਤਾਂ ਮੈਂ ਮਰਨ ਤੋਂ ਬਾਅਦ ਅਗਲੇ ਜਨਮ ਵਿਚ ਵੀ ਆਪਣਾ ਸੰਘਰਸ਼ ਜਾਰੀ ਰੱਖਾਂਗਾ ਤੇ ਹੁਣ ਵਾਂਗ ਹੀ ਆਪਣੇ ਆਦਰਸ਼ ਤੋਂ ਕੁਰਬਾਨ ਹੋਣਾ ਪ੍ਰਵਾਨ ਕਰਾਂਗਾ। ਊਧਮ ਸਿੰਘ ਕਸੇਲ ਇਸ ਕਥਨ ਦੀ ਪੁਸ਼ਟੀ ਕੁਝ ਇਸ ਪ੍ਰਕਾਰ ਕਰਦਾ ਹੈ, ''ਜਦ ਇਹ ਨੌਜਵਾਨ ਬਾਲਕ ਆਪਣੇ ਬਿਆਨ ਦੇਣ ਹਿੱਤ ਅਦਾਲਤ ਦੇ ਸਾਹਮਣੇ ਜਾ ਖਲੋਤਾ ਤਾਂ ਅਦਾਲਤ ਨੇ ਪ੍ਰਸ਼ਨ ਕੀਤਾ ਕਿ, ''ਕਰਤਾਰ ਸਿੰਘ ਤੁਮ ਨੇ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਅਤੇ ਅੰਗਰੇਜ਼ੀ ਰਾਜ ਨੂੰ ਹਿੰਦ ਵਿਚੋਂ ਬਾਹਰ ਕੱਢਣ ਵਾਸਤੇ ਇਸ ਸਾਜਿਸ਼ ਵਿਚ ਹਿੱਸਾ ਲਿਆ ਜਾਂ ਨਹੀਂ? ਤਾਂ ਉਸ ਨੌਜਵਾਨ ਨੇ ਉੱਤਰ ਦਿੱਤਾ ਕਿ ਹਿੱਸਾ ਤਾਂ ਕੀ, ਮੇਰਾ ਤਾਂ ਧਰਮ ਔਰ ਕੇਵਲ ਇਕੋ ਧਰਮ ਇਹ ਹੈ ਕਿ ਆਪਣੇ ਦੇਸ਼ ਔਰ ਜਾਤੀ ਨੂੰ ਗ਼ੈਰਾਂ ਤੋਂ ਬਚਾਉਣ ਦੀ ਕਰਾਂ ਅਤੇ ਮੈਂ ਅੰਗਰੇਜ਼ਾਂ ਦਾ ਖੁਰਾ ਖੋਜ ਮਿਟਾਉਣ ਹਿਤ ਸਾਰੇ ਹੀ ਸਾਧਨ ਗ੍ਰਹਿਣ ਕੀਤੇ ਹਨ। ਅਖ਼ਬਾਰਾਂ, ਸ਼ਸਤਰਾਂ ਅਤੇ ਫੌਜਾਂ ਵਿਚ ਪ੍ਰਚਾਰ ਕਰਨਾ ਮੇਰਾ ਮੁਖ ਕੰਮ

ਔਰ ਧਰਮ ਹੈ।''

ਇਹ ਉੱਤਰ ਸੁਣ ਕੇ ਜੱਜਾਂ ਨੇ ਪੁਛਿਆ ਕਿ ਇਸ ਬਿਆਨ ਦਾ ਸਿੱਟਾ ਤੇਰੇ ਵਾਸਤੇ ਪਤਾ ਕੀ ਨਿਕਲੇਗਾ? ਉੱਤਰ ਮਿਲਿਆ,''ਹਾਂ ਮੈਂ ਜਾਣਦਾ ਹਾਂ ''ਮੌਤ'', ਪਰ ਮੈਂ ਮੌਤ ਤੋਂ ਕਦਾਚਿਤ ਭੈਅ ਨਹੀਂ ਖਾਂਦਾ। ਇਹ ਇੱਕ ਆਯੂ ਕੀ, ਜੇਕਰ ਅਜਿਹੀਆਂ ਸੈਂਕੜੇ ਉਮਰਾਂ ਵੀ ਮੈਨੂੰ ਵਾਰਨੇ ਕਰਨੀਆਂ ਪੈਣ ਤਾਂ ਬੜੀ ਪ੍ਰਸੰਨਤਾ ਨਾਲ ਕਰਾਂਗਾ।''

ਨਾਹਰ ਸਿੰਘ ਗਰੇਵਾਲ ਨੇ ਸਰਾਭੇ ਦੇ ਮੁਕੱਦਮੇ ਦੇ ਫ਼ੈਸਲੇ ਸਮੇਂ ਸਰਾਭੇ ਦੇ ਪ੍ਰਤੀਕਰਮ ਦਾ ਜ਼ਿਕਰ ਕਰਦਿਆਂ ਉਸਦੀ ਚੜ੍ਹਦੀ ਕਲਾ ਦਾ ਬਿੰਬ ਕੁਝ ਇਸ ਪ੍ਰਕਾਰ ਸਿਰਜਿਆ ਹੈ, '13 ਸਤੰਬਰ 1915 ਨੂੰ ਆਪ ਦੇ ਮੁਕੱਦਮੇ ਦਾ ਫੈਸਲਾ ਸੁਣਾਇਆ ਗਿਆ। ਜਿਸ ਵਿਚ ਆਪ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਕਰਤਾਰ ਸਿੰਘ ਨੇ ਫਾਂਸੀ ਦਾ ਹੁਕਮ ਸੁਣ ਕੇ ਕਿਹਾ,''ਧੰਨਵਾਦ।'' ਜ਼ਬਤੀ ਜਾਇਦਾਦ ਦਾ ਹੁਕਮ ਸੁਣ ਕੇ ਕਿਹਾ,''ਜੇ ਸਾਡੇ ਕੱਪੜੇ ਵੀ ਨੀਲਾਮ ਕੀਤੇ ਜਾਣ ਤਦ ਵੀ ਅੰਗਰੇਜ਼ਾਂ ਦਾ ਘਾਟਾ ਪੂਰਾ ਨਹੀਂ ਹੋਣਾ। ਮੈਂ ਮੁੜ ਪੈਦਾ ਹੋ ਕੇ ਹਿੰਦੁਸਤਾਨ ਦੀ ਅਜ਼ਾਦੀ ਲਈ ਕੰਮ ਕਰਾਂਗਾ।'' ਓੜਕ 16 ਨਵੰਬਰ 1915 ਨੂੰ ਸਵੇਰੇ ਆਪ ਹੋਰ ਛੇ ਸਾਥੀਆਂ ਸਮੇਤ ਸੈਂਟਰ ਜੇਲ੍ਹ ਲਾਹੌਰ ਵਿਚ ਦੇਸ਼ ਦੀ ਅਜ਼ਾਦੀ ਖਾਤਿਰ ਫਾਂਸੀ ਉਤੇ ਚੜ੍ਹ ਕੇ ਆਪਣਾ ਆਪ ਕੁਰਬਾਨ ਕਰਕੇ ਸ਼ਹੀਦ ਹੋ ਗਏ। ਫਾਂਸੀ ਲੱਗਣ ਤੋਂ ਦੂਜੇ ਦਿਨ ਸਾਡੇ ਉਤੇ ਕਲਣ ਖਾਨ ਵਾਰਡਰ (ਜੇਲ੍ਹ ਪੁਲਿਸ ਦਾ ਸਿਪਾਹੀ) ਦੀ ਡਿਊਟੀ ਸੀ। ਉਸ ਦੀ ਕਰਤਾਰ ਸਿੰਘ ਦੇ ਫਾਂਸੀ ਲੱਗਣ ਸਮੇਂ ਫਾਂਸੀ ਘਰ ਵਿਚ ਵੀ ਡਿਊਟੀ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਉਸਨੂੰ ਪੁਛਿਆ,''ਦਸੋ ਤੁਸੀਂ ਉਸ ਵੇਲੇ ਡਿਊਟੀ ਉਤੇ ਸੀ? ਕਰਤਾਰ ਸਿੰਘ ਦਾ ਅੰਤਲਾ ਸਮਾਂ ਕੈਸਾ ਰਿਹਾ।'' ਤਦ ਕਲਣ ਖਾਨ ਨੇ ਦਸਿਆ ਕਿ ਕਰਤਾਰ ਸਿੰਘ ਨੇ ਫਾਂਸੀ ਦੇ ਤਖ਼ਤੇ ਉਤੇ ਖੜੇ ਹੋ ਕੇ ਅਖੀਰ ਵੇਲੇ ਇਹ ਲਫ਼ਜ਼ ਕਹੇ,'ਦਰੋਗਾ ਮਤ ਸਮਝ ਕਿ ਕਰਤਾਰ ਸਿੰਘ ਮਰ ਗਿਆ ਹੈ, ਮੇਰੇ ਖੂਨ ਕੇ ਜਿਤਨੇ ਕਤਰੇ ਹੈਂ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਗੇਂ। ਔਰ ਦੇਸ਼ ਕੀ ਅਜ਼ਾਦੀ ਕੇ ਲੀਏ ਕਾਮ ਕਰੇਂਗੇ।'

ਇੰਜ ਜੀ ਸਰਾਭੇ ਦਾ ਇਕ ਹੋਰ ਯੁਧ-ਸਾਥੀ ਬਾਬਾ ਸ਼ੇਰ ਸਿੰਘ ਵੇਈਂ ਪੋਈਂ ਫ਼ਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਗ਼ਦਰੀ ਯੋਧਿਆਂ ਅਤੇ ਸਰਾਭੇ ਦੇ ਪ੍ਰਤੀਕਰਮ ਨੂੰ ਬਿਆਨ ਕਰਦਿਆਂ ਲਿਖਦਾ ਹੈ, 'ਫਾਂਸੀ ਕੋਠੜੀਆਂ ਵਿਚ ਡੱਕੇ ਹੋਏ ਗ਼ਦਰੀ ਵੀ ਆਜ਼ਾਦੀ ਦੇ ਗੀਤ ਗਾਉਂਦੇ ਤੇ ਖੁਸ਼ੀਆਂ ਮਨਾਉਂਦੇ ਸਨ। ਕਿਸੇ ਦੇ ਦਿਲ ਵਿਚ ਮੌਤ ਦਾ ਰਤਾ ਡਰ ਨਹੀਂ ਸੀ। ਫਾਂਸੀ ਵਾਲੇ ਦਿਨ ਕਰਤਾਰ ਸਿੰਘ ਸਰਾਭਾ ਤੋਲਿਆ ਗਿਆ ਉਸ ਦਾ ਸੱਤ ਸੇਰ ਵਜ਼ਨ ਪਹਿਲਾਂ ਨਾਲੋਂ ਵੱਧ ਸੀ। ਉਹ ਕਹਿੰਦਾ ਸੀ ਮੈਂ ਫਾਂਸੀ ਮਗਰੋਂ ਦੂਜਾ ਜਨਮ ਲੈ ਕੇ ਫੇਰ ਆਜ਼ਾਦੀ ਦਾ ਘੋਲ ਲੜਾਂਗਾ...''

ਬਾਬਾ ਭਕਨਾ ਜੇਲ੍ਹ ਵਿਚ ਸਰਾਭੇ ਨਾਲ ਗੁਜ਼ਾਰੇ ਉਹਨਾਂ ਦਿਨ ਦੀਆਂ ਯਾਦਾਂ ਸਾਂਝੀਆਂ ਕਰਦੇ ਦੱਸਦੇ ਹਨ ਕਿ ਸਰਾਭਾ ਉਹਨਾਂ ਆਖ਼ਰੀ ਦਿਨਾਂ ਵਿਚ ਵੀ ਨਿਰਾਸ ਤੇ ਉਦਾਸ ਨਹੀਂ ਸੀ ਹੋਇਆ ਅਤੇ ਉਹਦਾ ਵਿਸ਼ਵਾਸ ਸੀ ਕਿ ਦੇਸ਼ਭਗਤਾਂ ਦੁਆਰਾ ਕੀਤੀਆਂ ਕੁਰਬਾਨੀਆਂ ਕਿਸੇ ਨਾ ਕਿਸੇ ਦਿਨ ਜ਼ਰੂਰ ਰੰਗ ਲਿਆਉਣਗੀਆਂ। ਬਾਬਾ ਜੀ ਲਿਖਦੇ ਹਨ, 'ਅਸੀਂ 24 ਫਾਂਸੀ ਲੱਗਣ ਵਾਲੇ ਪਾਰਕ ਨੰਬਰ 121 ਵਿਚ 24 ਕੋਠੀਆਂ ਦੀ ਕਤਾਰ ਵਿਚ ਨਾਲ-ਨਾਲ ਬੰਦ ਕੀਤੇ ਹੋਏ ਸੀ। ਸਾਨੂੰ ਸ਼ਾਮ ਨੂੰ ਅੱਧਾ ਘੰਟਾ ਟਹਿਲਣ ਲਈ ਵਿਹੜੇ ਵਿਚ ਕੱਢਿਆ ਜਾਂਦਾ ਸੀ। ਇਕ ਦਿਨ ਜਦ

ਮੈਨੂੰ ਮੌਕਾ ਮਿਲਿਆ ਤਾਂ ਮੈਂ ਟਹਿਲਦਿਆਂ-ਟਹਿਲਦਿਆਂ ਕਰਤਾਰ ਦੀ ਕੋਠੀ ਵਿਚ ਝਾਤੀ ਮਾਰੀ। ਅੰਦਰ ਸਾਹਮਣੇ ਕੰਧ ਉੱਤੇ ਕੋਲੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, ''ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।'' ਪੜ੍ਹ ਕੇ ਮੈਂ ਆਖਿਆ, ''ਕਰਤਾਰ! ਏਥੇ ਤਾਂ ਹੱਡੀਆਂ ਵੀ ਜੇਲ੍ਹ ਦੇ ਵਿਚ ਹੀ ਸਾੜ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਨੂੰ ਬਾਹਰ ਪਤਾ ਨਾ ਲੱਗੇ। ਤੂੰ ਲਿਖਿਆ ਹੈ ਕਿ ''ਸ਼ਹੀਦੋਂ ਕਾ ਖ਼ੂਨ ਕਭੀ ਖ਼ਾਲੀ ਨਹੀਂ ਜਾਤਾ।'' ਕਰਤਾਰ ਨੇ ਹੱਸ ਕੇ ਜੁਆਬ ਦਿੱਤਾ, ''ਹਾਂ ਜੀ, ਠੀਕ ਹੀ ਤਾਂ ਲਿਖਿਆ ਹੈ।'' ਅੱਜ ਕਰਤਾਰ ਦੀ ਭਵਿੱਖ ਬਾਣੀ ਮੈਨੂੰ ਚੇਤੇ ਆਉਂਦੀ ਹੈ ਕਿ ਉਹ ਕਿੰਨਾ ਸੂਝਵਾਨ, ਨਿਡਰ ਅਤੇ ਬਹਾਦਰ ਸੀ।'

ਬਲਵੰਤ ਉਰਫ਼ ਸ਼ਹੀਦ ਭਗਤ ਸਿੰਘ 'ਚਾਂਦ' ਦੇ ਫ਼ਾਂਸੀ ਅੰਕ ਵਿਚ ਲਿਖਦੇ ਹਨ: 'ਇਕ ਸੱਜਣ ਜੀ ਦਸਦੇ ਹਨ, ਕਿ ਕਰਤਾਰ ਸਿੰਘ ਦਾ ਬਾਬਾ ਉਸ ਨੂੰ ਮਿਲਣ ਵਾਸਤੇ ਗਿਆ। ਕਰਤਾਰ ਸਿੰਘ ਨੂੰ ਉਸ ਵੇਲੇ ਫਾਂਸੀ ਦਾ ਹੁਕਮ ਸੁਣਾਇਆ ਜਾ ਚੁੱਕਾ ਹੋਇਆ ਸੀ। ਬਾਬਾ ਮੁਲਾਕਾਤ ਵਿਚ ਆਖਣ ਲੱਗਾ,''ਕਰਤਾਰ ਸਿੰਘ! ਤੂੰ ਇਨ੍ਹਾਂ ਕੰਮਾਂ ਵਿਚ ਪੈ ਕੇ ਕੀ ਖੱਟਿਆ ਈ? ਐਵੇਂ ਅਜਾਈਂ ਮੌਤੇ ਹੀ ਮਰਨ ਲੱਗਾ ਏਂ, ਤੈਨੂੰ ਲੋਕਾਂ ਨੇ ਕੀ ਦੇਣਾ ਹੈ।'' ਕਰਤਾਰ ਸਿੰਘ ਅਵੇਸਲਾ ਜੇਹਾ ਹੋ ਕੇ ਪੁਛਣ ਲੱਗਾ, ਬਾਬਾ ਜੀ ਫਲਾਣਾ ਸਿੰਘ ਦਾ ਪਿੰਡ ਕੀ ਹਾਲ ਹੈ?

ਬਾਬਾ-ਉਹ ਤਾਂ ਪਲੇਗ ਨਾਲ ਕਦੇ ਦਾ ਹੀ ਮਰ ਗਿਆ ਹੈ।

ਕਰਤਾਰ ਸਿੰਘ-ਹੱਛਾ, ਫਲਾਣਾ ਸਿੰਘ ਦੀ ਬਾਬਤ ਕੁਛ ਦਸੋ।

ਬਾਬਾ-ਉਹ ਵੀ ਐਤਕਾਂ ਤਾਊਨ ਨਾਲ ਮਰ ਗਿਆ ਸੀ।

ਕਰਤਾਰ ਸਿੰਘ ਬਣਾਂ ਠਣਾਂ ਕੇ ਬਾਬੇ ਹੋਰਾਂ ਨੂੰ ਆਖਣ ਲੱਗਾ ਕਿ ਬਾਬਾ ਜੀ, ਜੇ ਮੈਨੂੰ ਵੀ ਉਹਨਾਂ ਵਾਂਗ ਤਾਊਨ ਜਾਂ ਪਲੇਗ ਹੀ ਲੈ ਜਾਂਦੀ ਤਾਂ ਮੈਂ ਕੇਹੜੀ ਗਿਣਤੀ ਵਿਚ ਹੁੰਦਾ? ਹੁਣ ਤਾਂ ਮੈਂ ਦੇਸ਼ ਤੇ ਕੌਮ ਲਈ ਕੁਛ ਕਰਕੇ ਫਾਹੇ ਟੰਗਿਆ ਜਾਣ ਲੱਗਾ ਹਾਂ ਤੇ ਸਾਰੇ ਸੰਸਾਰ ਤੇ ਆਪ ਦਾ, ਸਾਡੇ ਖਾਨਦਾਨ ਦਾ ਜੱਸ ਹੋਵੇਗਾ, ਕਿ ਕਰਤਾਰ ਸਿੰਘ ਸ਼ੇਰ-ਦਿਲ ਸੀ ਤੇ ਕੁਛ ਕਰਕੇ ਗਿਆ ਹੈ। ਪਰ ਜੇ ਓਦਾਂ ਮਰ ਜਾਂਦਾ ਤਾਂ ਉਹ ਅਜਾਈਂ ਮੌਤ ਸੀ। ਹੁਣ ਤਾਂ ਮੇਰੀ ਦੇਹ ਸਫ਼ਲ ਹੋ ਗਈ ਹੈ ਅਤੇ ਤੁਹਾਨੂੰ ਇਸ ਗੱਲ ਦਾ ਫ਼ਖਰ ਹੋਣਾ ਚਾਹੀਦਾ ਹੈ, ਕਿ ਦੇਸ਼ ਲਈ ਕੁਰਬਾਨੀ ਦਾ ਗੁਣਾ ਤੁਹਾਡੇ ਖਾਨਦਾਨ ਦੇ ਨਾਮ ਪਿਆ ਹੈ। ਇਸ ਲਈ ਅਫ਼ਸੋਸ ਕਰਨ ਦਾ ਸਮਾਂ ਨਹੀਂ ਸਗੋਂ ਤੁਹਾਡੇ ਲਈ ਖੁਸ਼ੀ ਤੇ ਫਖ਼ਰ ਕਰਨ ਦਾ ਸਮਾਂ ਹੈ। ਬਾਬਾ ਜੀ ਨਿਰੁਤਰ ਹੋ ਗਏ ਤੇ ਅਥਰੂ ਪੂੰਝਦੇ ਪੂੰਝਦੇ ਬਾਹਰ ਨਿਕਲ ਗਏ।'

ਅਸਲ ਵਿਚ, ਜਿਵੇਂ ਦੱਸਿਆ ਗਿਆ ਹੈ, ਸਰਾਭੇ ਦੀ ਇਨਕਲਾਬੀ ਸ਼ਖ਼ਸੀਅਤ ਦੇ ਸਾਰੇ ਰੰਗ ਫੜਨਾ ਸੰਭਵ ਨਹੀਂ। ਇਸ ਸੰਬੰਧੀ ਸਾਨੂੰ ਬਾਬਾ ਸੋਹਨ ਸਿੰਘ ਭਕਨਾ ਦੇ ਕਥਨ ਨਾਲ ਹੀ ਸਹਿਮਤ ਹੋਣਾ ਪਵੇਗਾ। ਉਹ ਲਿਖਦੇ ਹਨ, 'ਸੱਚੀ ਗੱਲ ਤਾਂ ਇਹ ਹੈ ਕਿ ਜੋ ਉਹ ਸੀ, ਉਸ ਦੀ ਜ਼ਿੰਦਗੀ ਦਾ ਚਿੱਤਰ ਖਿੱਚਣਾ ਮੇਰੀ ਕਲਮ ਦੀ ਤਾਕਤ ਤੋਂ ਬਾਹਰ ਹੈ।'

ਸਰਾਭਾ ਓਨਾ ਚਿਰ ਨਹੀਂ ਮਰੇਗਾ ਅਤੇ ਓਨਾ ਚਿਰ ਕਈ ਜਨਮਾਂ ਵਿਚ ਆਉਂਦਾ ਰਹੇਗਾ ਜਿੰਨਾਂ ਚਿਰ ਅਸੀਂ ਉਸਦੇ ਵਿਚਾਰਾਂ ਨੂੰ ਨਹੀਂ ਮਰਨ ਦਿਆਂਗੇ। ਸਰਾਭਾ ਸਾਡੇ ਸੀਨਿਆਂ ਵਿਚ, ਸਾਡੀਆਂ ਸੋਚਾਂ ਵਿਚ, ਸਾਡੇ ਅਮਲਾਂ ਵਿਚ ਜ਼ਿੰਦਾ ਰਹਿਣਾ ਚਾਹੀਦਾ ਹੈ ਬਿਲਕੁਲ ਉਸਤਰ੍ਹਾਂ ਜਿਵੇਂ

ਉਹ ਭਗਤ ਸਿੰਘ ਦੇ ਰੂਪ ਵਿਚ ਜ਼ਿੰਦਾ ਹੋਇਆ ਸੀ।

ਇਤਿਹਾਸ ਤਾਂ ਰੀਲੇ ਰੇਸ ਵਾਂਗ ਹੈ। ਜੋਤ ਤੋਂ ਜੋਤ ਜਗਣ ਵਾਂਗ ਹੈ। ਗ਼ਦਰ ਲਹਿਰ ਵੀ ਇਸਤਰ੍ਹਾਂ ਹੀ ਜੋਤ ਤੋਂ ਜੋਤ ਬਾਲਕੇ ਰੋਸ਼ਨੀ ਵੰਡਦੀ, ਸ਼ਕਲ ਤਬਦੀਲ ਕਰਦੀ ਵੱਖ ਵੱਖ ਲਹਿਰਾਂ ਵਿਚ ਆਪਣਾ ਰੰਗ ਘੋਲਦੀ ਜਿਉਂਦੀ ਤੇ ਤੁਰਦੀ ਰਹੀ ਹੈ। ਇਹਨਾਂ ਲਹਿਰਾਂ ਦੇ ਕੰਮ-ਢੰਗ ਵਿਚ ਫ਼ਰਕ ਆਇਆ ਪਰ ਇਹ ਗ਼ਦਰ ਪਾਰਟੀ ਦੇ ਮੂਲ ਆਦਰਸ਼ਾਂ ਤੇ ਸੁਪਨਿਆਂ ਤੋਂ ਲਾਂਭੇ ਨਹੀਂ ਗਈਆਂ। ਇਹ ਵੱਖਰੀ ਤੇ ਉਦਾਸ ਕਰਨ ਵਾਲੀ ਗੱਲ ਹੈ ਕਿ ਏਡੀ ਸ਼ਾਨਦਾਰ ਇਨਕਲਾਬੀ ਵਿਰਾਸਤ ਦੇ ਹੁੰਦਿਆਂ ਸੁੰਦਿਆਂ ਅਸੀਂ ਗ਼ਦਰੀ ਬਾਬਿਆਂ ਤੇ ਸਰਾਭੇ ਹੁਰਾਂ ਦੇ ਸੁਪਨਿਆਂ ਦਾ ਰਾਜ ਤੇ ਸਮਾਜ ਬਨਾਉਣ ਵਿਚ ਸਫ਼ਲ ਨਹੀਂ ਹੋ ਸਕੇ। ਇਸਦੇ ਹੋਰ ਵੀ ਅਨੇਕਾਂ ਕਾਰਨ ਹੋਣਗੇ ਪਰ ਇਕ ਕਾਰਨ ਇਹ ਵੀ ਹੈ ਕਿ ਅਸੀਂ ਉਸ ਇਨਕਲਾਬੀ ਇਤਿਹਾਸ ਨਾਲ਼ ਵਿਆਪਕ ਪੱਧਰ ‘ਤੇ ਜੀਵੰਤ ਨਾਤਾ ਕਾਇਮ ਨਹੀਂ ਕਰ ਸਕੇ। ਜੇ ਅਸੀਂ ਜਾਂ ਸਾਡੀ ਅਗਾਂਹਵਧੂ ਲਹਿਰ ਨੇ ਜਿਊਂਦੇ ਤੇ ਤੁਰਦੇ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਜਾਗਦਾ ਤੇ ਜਿਊਂਦਾ ਰੱਖੀਏ ਅਤੇ ਉਸ ਨਾਲ ਨਿਰੰਤਰ ਸੰਵਾਦ ਵਿਚ ਜੁੱਟੇ ਰਹੀਏ।

ਕਰਤਾਰ ਸਿੰਘ ਸਰਾਭੇ ਦੇ ਯੁੱਧ-ਸਾਥੀ ਜਗਤ ਰਾਮ ਹਰਿਆਣਾ ਵੱਲੋਂ ਸਰਾਭੇ ਨੂੰ ਹੇਠ ਲਿਖੇ ਸ਼ਬਦਾਂ ਵਿਚ ਕਾਵਿਕ-ਸ਼ਰਧਾਂਜਲੀ ਭੇਟ ਕੀਤੀ ਗਈ ਸੀ:

ਫ਼ਖ਼ਰ ਹੈ ਭਾਰਤ ਕੋ ਐ ‘ਕਰਤਾਰ’ ਤੂੰ ਜਾਤਾ ਹੈ ਆਜ।
ਜਗਤ ਔਰ ਪਿੰਗਲੇ ਕੋ ਭੀ ਤੂ ਸਾਥ ਲੇ ਜਾਤਾ ਹੈ ਆਜ।
ਹਮ ਤੁਮ੍ਹਾਰੇ ਮਿਸ਼ਨ ਕੋ ਪੂਰਾ ਕਰੇਂਗੇ ਸੰਗੀਓ,
ਕਸਮ ਹਰ ਹਿੰਦੀ ਤੁਮ੍ਹਾਰੇ ਖ਼ੂਨ ਸੇ ਖ਼ਾਤਾ ਹੈ ਆਜ।

ਹੁਣ ਤੱਕ ਵੀ ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀਆਂ ਦਾ ਮਿਸ਼ਨ ਪੂਰਾ ਨਹੀਂ ਹੋਇਆ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਭਲਾ ਕੌਣ ਕੌਣ ਸ਼ਹੀਦਾਂ ਦੇ ਖ਼ੂਨ ਦੀ ਕਸਮ ਖਾਏਗਾ?

•••



**ਕਰਤਾਰ ਸਿੰਘ ਸਰਾਭਾ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ**

ਪੇਂਟਿੰਗ: ਪ੍ਰਸਿੱਧ ਚਿਤਰਕਾਰ ਜਰਨੈਲ ਸਿੰ

ਯਹੀ ਪਾਓਗੇ ਮਹਿਸ਼ਰ ਮੇਂ ਜ਼ੁਬਾਂ ਮੇਰੀ, ਬਿਆਂ ਮੇਰਾ,
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੋਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ, ਖੂਨ ਹਿੰਦੀ, ਜ਼ਾਤ ਹਿੰਦੀ ਹੂੰ,
ਯਹੀ ਮਜ਼ਹਬ, ਯਹੀ ਫਿਰਕਾ, ਯਹੀ ਹੈ ਖਾਨਦਾਂ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਕਾ ਏਕ ਜ਼ਰਾ ਹੂੰ,
ਯਹੀ ਬਸ ਏਕ ਪਤਾ ਮੇਰਾ, ਯਹੀ ਨਾਮੋ-ਨਿਸ਼ਾਂ ਮੇਰਾ।
ਕਦਮ ਲੂੰ ਮਾਦਰੇ ਭਾਰਤ ਤੇਰੇ, ਮੈਂ ਉਠਤੇ ਔਰ ਬੈਠਤੇ,
ਕਹਾਂ ਕਿਸਮਤ ਮੇਰੀ ਏਸੀ, ਨਸੀਬਾ ਯਹ ਕਹਾਂ ਮੇਰਾ।
ਤੇਰੀ ਖਿਦਮਤ ਮੇਂ ਐ ਭਾਰਤ, ਯਹ ਸਿਰ ਜਾਏ, ਯਹ ਜਾਂ ਜਾਏ,
ਤੋ ਸਮਝੂੰਗਾ, ਯਹ ਮਰਨਾ ਹਯਾਤੇ ਜਾਦਵਾ ਮੇਰਾ।

*1-2 Desh Bhagat Yadgar Hall, Jalandhar Punjab, India*
*Phone : 98140-87063 5aabparkashan@gmail.com*
*www.5aabparkashan.com*

₹ 20